ਵੀਰਵਾਰ

dailylokbani

Email : lokbani08@gmail.com

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

ਵੀਰਵਾਰ, 14 ਅਪ੍ਰੈਲ 2022

# ਸਪੈਸ਼ਲ



ਡਾਕਟਰ ਹੈਨੇਮਨ ਦੀ ਖੋਜ ਦੁਨੀਆ ਅੰਦਰ ਇਕ ਮਿਸਾਲ ਬਣ ਚੁੱਕੀ ਹੈ



## ਹੋਮਿਓਪੈਥੀ ਦੇ ਜਨਮਦਾਤਾ ਕ੍ਰਿਸ਼ਚੀਅਨ ਫਾਊਂਡਰ

# ਡਾ . ਹੈਨੇਮਨ

ਹੋਮਿਓਪੈਥਿਕ ਕੁਦਰਤ ਦਾ ਇਕ ਅਨਮੋਲ ਖਜ਼ਾਨਾ ਹੈ ।ਲ਼ਾ-ਇਲਾਜ ਰੋਗੀਆਂ ਨੂੰ ਹੀ ਸਿਰਫ ਹੋਮੀਓਪੈਥੀ ਦਵਾਈ ਹੀ ਠੀਕ ਕਰਦੀ ਹੈ। ਇਸ ਗੱਲ ਦਾ ਦਾਅਵਾ ਹੋਰਨਾਂ ਪ੍ਰਣਾਲੀਆਂ ਨਾਲ ਇਲਾਜ ਕਰ ਰਹੇ ਡਾਕਟਰਾਂ ਨੇ ਭਲੀਭਾਂਤ ਮੰਨ ਲਿਆ ਹੈ, ਤੇ ਆਪਣਾ ਝੁਕਾਓ ਵੀ ਹੁਣ ਹੋਮਿਓਪੈਥੀ ਵੱਲ ਕਰ ਲਿਆ ਹੈ।ਹੈਮਿਓਪੈਥਿਕ ਇਕ ਕੁਦਰਤੀ ਇਲਾਜ ਪ੍ਰਣਾਲੀ ਹੈ, ਇਹ ਦੁਨੀਆਂ ਦੀ ਇਕੋ ਇਕ ਅਜਿਹੀ ਇਲਾਜ ਪ੍ਰਣਾਲੀ ਹੈ ਜੋ ਬਿਮਾਰੀ ਨੂੰ ਜੜ੍ਹ ਤੋ ਖਤਮ ਕਰਦੀ ਹੈ, ਅਤੇ ਇਸ ਦਾ ਕੋਈ ਸਾਈਡਇਫੈਕਟ ਨਹੀ ਹੈ॥ ਇਹ ਬਿਮਾਰੀ ਨੂੰ ਜੜ੍ਹ ਤੋ ਖਤਮ ਕਰਨ ਦੀ ਤਾਕਤ ਰੱਖਦੀ ਹੈ।ਜਰਮਨ ਤੋ ਸ਼ੁਰੂ ਹੋ ਕੇ ਦੁਨੀਆਂ ਦੇ ਹਰ ਕੋਨੇ ਮਸ਼ਹੂਰ ਹੋਣ ਵਾਲੀ ਹੋਮਿਓਪੈਥਿਕ ਦਵਾਈ ਦੀ ਖੋਜ ਦੁਨੀਆਂ ਦੇ ਮਸੀਹਾ ਵਜੋ ਜਾਣੇ ਜਾਂਦੇ ਡਾਕਟਰ ਸੈਮਿਉਲ ਹੈਨੇਮਨ ਨੇ ਕੀਤੀ ਹੈ।

ਡਾਕਟਰ ਸੈਮਿਉਲ ਹੈਨੇਮਨ ਦਾ ਜਨਮ 10 ਅਪ੍ਰੈਲ 1755 ਨੂੰ ਜਰਮਨ (ਯੂਰਪ) ਦੇ ਪਿੰਡ ਮੀਸ਼ਨ ਵਿਚ ਹੋਇਆ। ਆਪ ਦੇ ਘਰ ਅੰਤਾਂ ਦੀ ਗਰੀਬੀ ਸੀ, ਪਿਤਾ ਚੀਨੀ ਦੇ ਬਰਤਨਾਂ ਉਪਰ ਚਿਤਰਕਾਰੀ ਕਰਦੇ ਸਨ। ਆਪ ਨੇ ਵੀ ਪੜ੍ਹਾਈ ਦੇ ਨਾਲ ਨਾਲ ਪਿਤਾ ਨਾਲ ਕੰਮ ਵਿਚ ਹੱਥ ਵਟਾਉਣਾ ਸ਼ੁਰੂ ਕੀਤਾ। ਗਰੀਬੀ ਅਤੇ ਪਰਿਵਾਰਿਕ ਦੁੱਖ ਉਨ੍ਹਾਂ ਦੇ ਰਾਹ ਵਿਚ ਕਾਫੀ ਵੱਡੀਆਂ ਮੁਸੀਬਤਾਂ ਲੈ ਕੇ ਆਏ ਪਰ ਆਪ ਨੇ ਬੜੀ ਦਲੇਰੀ ਨਾਲ ਇਨ੍ਹਾਂ ਮੁਸੀਬਤਾਂ ਦਾ ਸਾਹਮਣਾ ਕਰਦੇ ਹੋਏ ਪੂਰੀ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਵਿੱਚ ਅੱਗੇ ਵਧਦੇ ਗਏ। ਇਹੀ ਕਾਰਨ ਸੀ ਕਿ ਡਾਕਟਰ ਸੈਮਿਉਲ ਹੈਨੇਮਨ ਦੁਨੀਆਂ ਦੀਆਂ 11 ਭਾਸਾਵਾਂ ਦਾ ਗਿਆਨ ਰੱਖਦੇ ਸਨ।ਡਾਕਟਰ ਸੈਮਿਉਲ ਹੈਨੇਮਨ ਨੇ 24 ਸਾਲ ਦੀ ਉਮਰ ਵਿਚ ਮੈਡੀਕਲ ਸਾਇੰਸ ਵਿਚ ਵੱਡੀਆਂ ਮੱਲ੍ਹਾਂ ਮਾਰਦੇ ਹੋਏ ਡਾਕਟਰੀ ਦੀ ਵੱਡੀ ਡਿਗਰੀ ਐਮ.ਡੀ. ਕਰ ਲਈ ਸੀ, ਇਹ ਡਿਗਰੀ ਮਿਲਦਿਆਂ ਹੀ ਡਰੂਸਡਿਨ ਹਸਪਤਾਲ ਵਿਚ ਬਤੌਰ ਮੁੱਖ ਡਾਕਟਰ ਨਿਯੁਕਤ ਹੋਏ।ਉਨ੍ਹਾਂ ਨੂੰ ਬਚਪਨ ਤੋ ਹੀ ਘਰ ਤੋ ਮਿਲੀ ਸੇਵਾ ਕਰਨ ਦੀ ਲਗਨ ਕਾਰਨ ਰੋਗੀਆਂ ਨੂੰ ਰੋਗ ਮੁਕਤ ਕਰਨ ਦੀ ਦਿਲਚਸਪੀ ਸੀ। ਇੱਥੇ ਨੌਕਰੀ ਕਰਦੇ ਸਮੇਂ ਡਾਕਟਰ ਹੈਨੇਮਨ ਦੇ ਦਿਮਾਗ ਵਿਚ ਦਵਾਈਆਂ ਦੇ ਅਸਰਾਂ ਬਾਰੇ ਤਰ੍ਹਾਂ ਤਰ੍ਹਾਂ ਦੇ ਖਿਆਲ ਆਉਣ ਕਾਰਨ ਆਪ ਦੀ ਪ੍ਰੇਸ਼ਾਨੀ ਬਹੁਤ ਵਧ ਗਈ, ਉਨ੍ਹਾਂ ਨੇ ਦਵਾਈਆਂ ਦੀ ਖੋਜ ਕਰਨੀ ਸ਼ੁਰੂ ਕਰ ਦਿੱਤੀ। ਜਦੋ ਡਾਕਟਰ ਹੈਨੇਮਨ ਨੇ ਦੇਖਿਆ ਕਿ ਇਕੋ ਦਵਾਈ ਇਕ ਤਰ੍ਹਾਂ ਦੀ ਬਿਮਾਰੀ ਵਾਲੇ ਮਰੀਜ਼ਾਂ ਨੂੰ ਗਰ ਵਾਰ ਠੀਕ ਨਹੀ ਕਰ ਸਕਦੀ ਤਾਂ ਖੋਜ ਕਰਦਿਆਂ ਇਸ ਸਿੱਟੇ @ਤੇ ਪੁਜੇ ਕਿ ਇਕ ਦਵਾਈ ਦਾ ਅਲੱਗ ਅਲੱਗ ਰੋਗੀਆਂ ਤੇ ਅਲੱਗ ਅਲੱਗ ਅਸਰ ਹੁੰਦਾ ਹੈ। ਉਨ੍ਹਾਂ ਨੇ ਖੋਜ ਦੌਰਾਨ ਪਤਾ ਲਗਾਇਆ ਕਿ ਅਲੱਗ ਅਲੱਗ ਰੋਗੀਆਂ ਵਿਚ ਰੋਗ ਭਾਵੇਂ ਇਕੋ ਜਿਹਾ ਹੋਵੇ ਪਰ ਰੋਗੀਆਂ ਦੇ ਸੁਭਾਅ ਮੁਤਾਬਿਕ ਅਲੱਗ ਤਰ੍ਹਾਂ ਦੀ ਹੀ ਅਸਰ ਕਰਦੀ ਹੈ। ਰੋਗੀ ਦੇ ਰੋਗ ਨਾਲ ਨਾਲ ਸੁਭਾਅ, ਮਾਨਸਿਕ ਅਤੇ ਸਰੀਰਕ ਇਲਾਜ ਕਰਨਾ ਵੀ ਬਹੁਤ ਜਰੂਰੀ ਹੁੰਦਾ ਹੈ, ਇਸ ਖੋਜ ਨੂੰ ਹੋਰ ਡੂੰਘਾਈ ਤੱਕ ਲੈ ਕੇ ਜਾਣ ਲਈ ਡਾਕਟਰ ਹੈਨੇਮਨ ਨੇ ਆਪਣੀ ਨੌਕਰੀ ਤੋ ਅਸਤੀਫਾ ਦੇ ਕੇ ਦਵਾਈਆਂ ਦੀ ਖੋਜ ਕਰਨ ਵੱਲ ਜੁੱਟ ਗਏ।

ਸੰਨ 1790 ਵਿਚ ਡਾਕਟਰ ਹੈਨੇਮਨ ਨੇ ਇਕ ਕਿਤਾਬ ਦਾ ਅਨੁਵਾਦ ਕਰਦਿਆਂ ਹੋਇਆ ਨੂੰ ਖਿਆਲ ਆਇਆ ਕਿ ਕੋਕੀਨ ਖਾਣ ਨਾਲ ਬੁਖਾਰ ਚੜ੍ਹ ਜਾਂਦਾ ਹੈ, ਇਹ ਖਿਆਲ ਪੂਰੀ ਦੁਨੀਆਂ ਲਈ ਸੁਭ ਸ਼ਗਨ ਸੀ, ਇਸ ਖਿਆਲ ਦੇ ਆਉਂਦੇ ਹੀ ਡਾ. ਹੈਨੇਮਨ ਨੇ ਕੋਨੀਨ ਦਿਨ ਵਿਚ ਦੋ ਵਾਰ ਖਣੀ ਸ਼ੁਰੂ ਕਰ ਦਿੱਤੀ ਅਤੇ ਉਨ੍ਹਾਂ ਨੂੰ ਬੁਖਾਰ ਚੜ੍ਹਨਾ ਸ਼ੁਰੂ ਹੋ ਗਿਆ ਅਤੇ ਬਾਅਦ ਵਿਚ ਇਸੇ ਨਾਲ ਹੀ ਠੀਕ ਹੋ ਗਿਆ। ਇਸ ਤਜਰਬੇ ਨਾਲ ਡਾ. ਹੈਨੇਮਨ ਖੁਸ਼ੀ ਵਿਚ ਖੀਵੇ ਹੁੰਦੇ ਹੋਏ ਗਦਗਦ ਕਰ ਉਠੇ, ਉਹ ਇਸ ਨਾਲ ਇਹ ਸਿੱਟੇ @ਤੇ ਪੁਜੇ ਕਿ ਜੋ ਦਵਾਈ ਰੋਗ ਨੂੰ ਜਨਮ ਦੇ ਸਕਦੀ ਹੈ ਤਾਂ ਉਹ ਉਸੇ ਰੋਗ ਨੂੰ ਖਤਮ ਵੀ ਕਰ ਸਕਦੀ ਹੈ। ਇਹੋ ਹੋਮਿਓਪੈਥੀ ਦਵਾਈ ਦਾ ਅਸਲੀ ਸਿਧਾਂਤ ਹੈ। ਹੋਮਿਓਪੈਥੀ ਨਿਯਮ ਅਨੁਸਾਰ ਦਵਾਈ ਰੋਗ ਅਤੇ ਰੋਗੀ ਨਾਲੋ ਵਧੇਰੇ ਸ਼ਕਤੀਸ਼ਾਲੀ ਹੋਣੀ ਚਾਹੀਦੀ ਹੈ।ਸੰਨ 1795 ਵਿਚ ਡਾ. ਹੈਨੇਮਨ ਨੇ ਹੋਮਿਓਪੈਥੀ ਉਪਰ ਇਕ ਹੋਰ ਕਿਤਾਬ ਦੀ ਰਚਨਾ ਕੀਤੀ, ਜਿਸ ਵਿਚ 27 ਦਵਾਈਆਂ ਦਾ ਜ਼ਿਕਰ ਕੀਤਾ ਅਤੇ ਅਲਾਮਤਾਂ ਦੱਸੀਆਂ ਗਈਆਂ। ਸੰਨ 1810 ਵਿਚ ਇਕ ਹੋਰ ਕਿਤਾਬ ਲਿਖੀ ਉਤੇ ਹੋਮਿਓਪੈਥੀ ਦੇ ਬੁਨਿਆਦੀ ਅਸੂਲਾਂ ਨੂੰ ਇਸ ਵਿਚ ਦਰਸਾਇਆ ਗਿਆ। ਇਹ ਕਿਤਾਬ ਹੋਮਿਓਪੈਥੀ ਵਿਚ ਇਕ ਵੱਡੇ ਧਾਰਮਿਕ ਗ੍ਰੰਥ ਦੀ ਤਰਾਂ ਮੰਨੀ ਜਾਂਦੀ ਹੈ।

ਸੰਨ 1821 ਤੱਕ ਡਾਕਟਰ ਹੈਨੇਮਨ ਦੀ ਜ਼ਿੰਦਗੀ ਵਿਚ ਮਿੱਤਰਾਂ ਦੇ ਨਾਲ-ਨਾਲ ਵਿਰੋਧੀਆਂ ਦੀ ਗਿਣਤੀ ਵੀ ਵਧ ਗਈ। ਜਿਸ ਕਾਰਨ ਡਾ. ਹੈਨੇਮਨ ਨੂੰ ਲਿਪਜਿਕ ਦਾ ਸ਼ਹਿਰ ਛੱਡ ਕੇ ਜਾਣਾ ਪਿਆ।ਜਿਸ ਜਗ੍ਹਾਂ @ਤੇ ਰਹਿੰਦਿਆਂ ਵੱਡੀਆਂ ਖੋਜਾਂ ਅਤੇ ਪ੍ਰਾਪਤੀਆਂ ਜਕੀਤੀਆਂ ਸਨ, ਨੂੰ ਛੱਡ ਕੁ ਜਾਣ ਦਾ ਦੁੱਖ ਹੋਇਆ। ਇਸ ਦੁੱਖ ਨੂੰ ਆਪਣੇ ਅੰਦਰ ਸਮੋ ਕੇ ਸ਼ਹਿਰ ਛੱਡ ਕੇ ਤੁਰ ਪਏ, ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ, ਰਸਤੇ ਵਿਚ ਜਾਂਦਿਆ ਇਕ ਹਾਦਸਾ ਵਾਪਰਿਆ, ਇਸ ਹਾਦਸੇ ਦੌਰਾਨ ਡਾ. ਹੈਨੇਮਨ ਦੇ ਦੋ ਨੌਜਵਾਨ ਬੱਚਿਆਂ ਦੀਆਂ ਜਾਨਾਂ ਚਲੀਆਂ ਗਈਆਂ। ਐਨੇ ਵੱਡੇ ਦੁੱਖ ਦੇ ਬਾਵਜੂਦ ਉਨ੍ਹਾਂ ਹੌਸਲਾ ਨਾ ਹਾਰਿਆ, ਸਗੋ ਦਵਾਈ ਦੀਆਂ ਖੋਜਾਂ ਵਿਚ ਜੁਟੇ ਰਹੇ। ਸੰਨ 1828 ਵਿਚ ਹੈਨੇਮਨ ਨੇ ਗੰਭੀਰ ਬਿਮਾਰੀਆਂ ਤੇ ਖੋਜ ਕਰਦਿਆ ਇਕ ਕਿਤਾਬ ਲਿਖੀ, ਜਿਸ ਤੋ ਬਾਅਦ ਉਹ ਮੈਡੀਕਲ ਸਾਇੰਸ ਦੀ ਦੁਨੀਆਂ ਅੰਦਰ ਕਾਫੀ ਮਸ਼ਹੂਰ ਹੋ ਗਏ, ਇਸ ਪੁਸਤਕ ਵਿਚ ਬੜੀ ਬਾਰੀਕੀ ਨਾਲ ਖੋਜ ਦੇ ਵੇਰਵੇ ਦਿੰਦਿਆਂ ਲਿਖਿਆ ਕਿ ਕਿਸੇ ਵੀ ਦਵਾਈ ਨੂੰ ਜਿਨ੍ਹਾਂ ਸੂਖਸ਼ਮ ਰੂਪ ਵਿਚ ਬਣਾਇਆ ਜਾਵੇ, ਉਨੀ ਹੀ ਦਵਾਈ ਦੀ ਤਾਕਤ ਵਧਦੀ ਹੈ। ਕਈ ਛੋਟੀ ਸੋਚ ਵਾਲੇਲੋਕਾਂ ਨੇ ਡਾ. ਹੈਨੇਮਨ ਦਾ ਮਜ਼ਾਕ ਉਡਾਉਂਦਿਆ ਗਲਤ ਸਬਦ ਵੀ ਬੋਲੇ। ਉਨ੍ਹਾਂ ਲੋਕਾਂ ਨੇ ਕਿਹਾ ਕਿ ਇਹ ਸੂਖਸ਼ਮ ਦਵਾਈਆਂ ਵੱਡੀ ਤੋ ਵੱਡੀ ਬਿਮਾਰੀ ਨੂੰ ਖਤਮ ਕਰਨ ਦੀ ਤਾਕਤ ਕਿਵੇ ਰੱਖ ਸਕਦੀ ਹੈ। ਪਰ ਇਹ ਗੱਲ ਹੁਣ ਵਿਗਿਆਨੀਆਂ ਦੀ ਸਮਝ ਵਿਚ ਵੀ ਆ ਚੁੱਕੀ ਹੈ। ਸੰਨ 1830 ਵਿਚ ਡਾ. ਹੈਨੇਮਨ ਦੀ ਪਤਨੀ ਦਾ ਦਿਹਾਂਤ ਹੋ ਗਿਆ, ਜਿਸ ਤੋ ਬਾਅਦ ਹੈਨੇਮਨ ਇਕੱਲੇਪਣ ਮਹਿਸੂਸ ਕਰਦਿਆ 80 ਸਾਲ ਦੀ ਉਮਰ ਵਿਚ ਦੂਸਰਾ ਵਿਆਹ ਮਾਲਿਨੀ ਨਾਮ ਦੀ ਔਰਤ ਨਾਲ ਕਰਵਾ ਲਿਆ ਅਤੇ ਵਿਆਹ ਤੋ ਤੇਰਾਂ ਸਾਲ ਬਾਅਦ 2 ਜੁਲਾਈ1843 ਨੂੰ ਪੈਰਿਸ, ਫਰਾਂਸ, ਵਿਖੇ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਏ। ਪਰ ਡਾ. ਹੈਨੇਮਨ ਦੀ ਮ੍ਰਿਤਕ ਦੇਹ ਨੂੰ ਸਮਸ਼ਾਨ ਘਾਟ ਮੋਟਮਿਟਰੀ ਵਿਖੇ ਲਿਜਾਣ ਲਈ 4 ਨੇੜਲੇ ਰਿਸ਼ਤੇਦਾਰਾਂ ਨੇ ਹੀ ਮੋਢਾ ਦਿੱਤਾ, ਉਨ੍ਹਾ ਦੇ ਲਈ ਅਫਸੋਸ ਕਰਨ ਲਈ ਹੋਰ ਕੋਈ ਵੀ ਨਹੀ ਗਿਆ।

ਸਮਾਂ ਬੀਤਦੇ ਵਿਰੋਧੀਆਂ ਨੂੰ ਇਸ ਗੱਲ ਦਾ ਪਤਾ ਲੱਗਾ ਡਾ. ਹੈਨੇਮਨ ਨਾਲ ਗਲਤ ਸਲੂਕ ਬਹੁਤ ਵੱਡੀ ਗਲਤੀ ਕੀਤੀ ਹੈ, ਸਗੋ ਉਹ ਤਾਂ ਦੁਨੌਆਂ ਲਈ ਦਵਾਈ ਦੇ ਰੂਪ ਵਿਚ ਇਕ ਬਹੁਤ ਵੱਡੀ ਸੁਗਾਤ ਦੇ ਗਏ ਹਨ, ਤਾਂ ਉਨ੍ਹਾਂ ਨੇ ਆਪਣਾ ਕੀਤੇ @ਤੇ ਪਛਤਾਵਾ ਕਰਦੇ ਹੋਏ ਸੰਨ 1899 ਵਚ ਡਾ. ਹੈਨੇਮਨ ਦੀ ਮੌਤ ਤੋ 56 ਸਾਲ ਬਾਅਦ ਉਨ੍ਹਾਂ ਦੀ ਕਬਰ @ਚੋ ਮ੍ਰਿਤਕ ਦੇਹ ਨੂੰ ਕੱਢ ਕੇ ਬੜੀ ਸ਼ਾਨੋ ਸ਼ੌਕਤ ਨਾਲ ਸਾਹੀ ਕਬਰ ਵਿਚ ਦਫਨਾਇਆ। ਹੁਣ ਡਾਕਟਰ ਸੈਮਿਓਲ ਹੈਨੇਮਨ ਦੀ ਯਾਦਗਾਰ ਵਜੋ ਜਰਮਨ ਦੇ ਲਿਪਜਿਕ ਸ਼ਹਿਰ ਵਿਚ ਬੁੱਤ ਲੱਗਿਆ ਹੋਇਆ ਹੈ, ਜਿਸ ਨੂੰ ਲੋਕ ਸਿਰ ਝੁਕਾਅ ਕੇ ਲੰਘਦੇ ਹਨ। ਡਾਕਟਰ ਹੈਨੇਮਨ ਦੀ ਖੋਜ ਦੁਨੀਆ ਅੰਦਰ ਇਕ ਮਿਸਾਲ ਬਣ ਚੁੱਕੀ ਹੈ।

ਡਾ. ਅਮਿਤਾ
9855468092

ਰੋਜ਼ਾਨਾ ਲੋਕ ਬਾਣੀ

## ਆ ਗਈਆਂ ਗਰਮੀਆਂ

ਇਸ ਗੱਲ ਦਾ ਖਿਆਲ ਰੱਖਣਾ।
ਪਾਣੀ ਨਾਲ ਭਰ ਕੇ,
ਛੱਤ ਤੇ ਕੋਈ ਭਾਂਡਾ ਥਾਲ ਰੱਖਣਾ।
ਸਾਡੇ ਵਾਂਗ ਇਨਾਂ ਵਿੱਚ ਵੀ ਆਤਮਾ
ਥੋੜੇ ਬਹੁਤੇ ਦਾਣੇ ਤੇ ਦਾਲ ਰੱਖਣਾ।
ਜਿਵੇਂ ਪਾਲਦੇ ਅਸੀਂ ਬੱਚੇ ਆਪਣੇ
ਇਹਨਾਂ ਪੰਛੀਆਂ ਨੂੰ ਪਾਲ ਰੱਖਣਾ।
ਆ ਗਈਆਂ ਗਰਮੀਆਂ,
ਇਸ ਗੱਲ ਦਾ ਖਿਆਲ ਰੱਖਣਾ।




ਲੇਖਕ ਕਰਮਾ ਭੱਟੀ
ਫਤਿਹਪੁਰ

## ਬਿਰਧ ਆਸ਼ਰਮ

ਰੁੱਖ ਸੁੱਕਣ ਤੇ ਜੜ੍ਹਾਂ ਚੋਂ ਲੋਕੀਂ ਵੱਡ ਦਿੰਦੇ ਨੇ,
ਕਿੱਲੇ ਬਣਾ ਕੇ ਪਸ਼ੂਆਂ ਦੇ ਲਈ ਗੱਡ ਦਿੰਦੇ ਨੇ
ਇਹੀ ਹਾਲ ਮੈਂ ਹੁੰਦਾ ਵੇਖਿਆ ਮਾਪਿਆਂ ਦਾ,
ਹਾਏ ਵੇ ਰੱਬਾ ਬਿਰਧ ਆਸ਼ਰਮ ਛੱਡ ਦਿੰਦੇ ਨੇ
ਖੰਘਦੇ ਥੁੱਕਦੇ ਹੂੰਗੇ ਮਾਰਦੇ ਚੰਗੇ ਨਹੀਂ ਲੱਗਦੇ
ਬੱਚਿਆਂ ਲਈ ਜੋ ਰਾਤਾਂ ਜਾਗ ਲਘਾਉਂਦੇ ਨੇ।
ਮਾਪਿਆਂ ਨੇ ਤਾਂ ਬੋਝ ਕਦੇ ਵੀ ਸਮਝਿਆ ਨਹੀਂ
ਬੱਚਿਆਂ ਨੂੰ ਫੇਰ ਬੋਝ ਨਜ਼ਰ ਕਿਉਂ ਆਉਂਦੇ ਨੇ

ਦੁੱਧਾਂ ਦੇ ਨਾਲ ਪਾਲੇ ਪੁੱਤ ਫੇਰ ਨਹੀਂ ਪਾਣੀ ਪੁੱਛਦੇ
ਬੋਲ ਨੂੰਹਾਂ ਦੇ ਫੱਟਾਂ ਵਰਗੇ ਰਹਿੰਦੇ ਨੇ ਇਹ ਦੁੱਖ ਦੇ
ਰੁੱਖੀ ਰੋਟੀ ਮੱਚ ਸੜ ਕੇ ਮੱਥੇ ਵਿੱਚ ਮਾਰਦੀਆਂ
ਆਪ ਮੁਹਾਰੇ ਬਹਿੰਦੇ ਆ ਫੇਰ ਹੰਝੂ ਨਹੀਂ ਰੁੱਕਦੇ
ਮੂੰਹ ਚੋਂ ਕੱਢ ਕੇ ਬੁਰਕੀ ਪਾਈ ਜਿਨ੍ਹਾਂ ਨੇ
ਉਨ੍ਹਾਂ ਕੋਲੋਂ ਬੱਚੇ ਚੀਜ਼ ਲਕੋਉਂਦੇ ਨੇ
ਮਾਪਿਆਂ ਨੇ ਤਾਂ ਬੋਝ ਕਦੇ ਵੀ ਸਮਝਿਆ ਨਹੀਂ
ਬੱਚਿਆਂ ਨੂੰ ਫੇਰ ਬੋਝ ਨਜ਼ਰ ਕਿਉਂ ਆਉਂਦੇ ਨੇ
ਜਨਮ ਦੇਣ ਵਾਲਿਆਂ ਦੀ ਮੌਤ ਉਡੀਕ ਦੇ ਨੇ
ਬੋਲਦਿਆਂ ਨੂੰ ਵੀ ਕਹਿੰਦੇ ਇਹ ਚੀਕ ਦੇ ਨੇ
ਘਰ ਜਮੀਨ ਚ ਵੰਡੀਆਂ ਤਾਂ ਚੱਲ ਪਾ ਲੈਂਦੇ
ਮਾਪਿਆਂ ਵਿੱਚ ਕਿਉਂ ਦੂਰੀ ਪੁੱਤ ਉਲੀਕ ਦੇ ਨੇ
ਵੀਰਪਾਲ ਭੱਠਲ÷ ਕਹੇ ਪੁੱਤ ਇਹੋ ਜਿਹੇ ਕੀ ਕਰਨੇ
ਜੋ ਇੱਕ ਦੂਜੇ ਨੂੰ ਮਿਲਣ ਲਈ ਦਰਸਾਉਂਦੇ ਨੇ
ਮਾਪਿਆਂ ਨੇ ਤਾਂ ਬੋਝ ਕਦੇ ਵੀ ਸਮਝਿਆ ਨਹੀਂ
ਬੱਚਿਆਂ ਨੂੰ ਫੇਰ ਬੋਝ ਨਜ਼ਰ ਕਿਉਂ ਆਉਂਦੇ ਨੇ



ਵੀਰਪਾਲ ਕੌਰ
ਭੱਠਲ

ਜੇਕਰ ਨਹੀਂ ਸੁਣ ਰਿਹਾ ਸਰਕਾਰੀ ਗੈਰਸਰਕਾਰੀ ਦਫਤਰ ਵਿੱਚ ਤੁਹਾਡੀ ਜਾਂ ਹੋ ਚੁੱਕੇ ਹੋ ਠੱਗੀ ਦਾ ਸ਼ਿਕਾਰ
ਕਰੋ ਇਕ ਫੋਨ ਸਾਡੇ ਪੱਤਰਕਾਰ ਤੁਹਾਡੀ ਪਰੇਸ਼ਾਨੀ ਪਹੁੰਚਾਉਣਗੇ ਉਚ ਅਧਿਕਾਰੀਆਂ ਤੇ ਪ੍ਰਸ਼ਾਸਨ ਤੱਕ ਟੋਲ ਫਰੀ ਨੰ:-
0181-2211009

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਵੀਰਵਾਰ, 14 ਅਪ੍ਰੈਲ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਇਸ਼ਤਿਹਾਰ ਲਵਾਓ ਵਪਾਰ ਵਧਾਓ ਰੋਜਾਨਾ ਲੋਕ ਬਾਣੀ ਅਖਬਾਰ ਵਿਚ ਸੰਪਰਕ ਕਰੋ 0181-2211009 Newslokbani@gmail.com

R.N.I. Punpun/29016/2008 ✲ ਸਾਲ : 14 ✲ ਅੰਕ : 400 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111



## ਪੰਜਾਬ ਦੇ ਲੋਕ ਬਿਜਲੀ ਦੇ ਲੱਗ ਰਹੇ ਕੱਟਾਂ ਕਾਰਨ ਪਰੇਸ਼ਾਨ

**ਜਲੰਧਰ/ਹਰਬੰਸ ਬਿਟੂ**

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐੱਸਪੀਸੀਐੱਲ), ਜੋ ਕੋਲੇ ਦੀ ਘਾਟ ਦਾ ਸਾਹਮਣਾ ਕਰ ਰਹੀ ਹੈ, ਪਿੰਡਾਂ ਵਿੱਚ ਇੱਕ ਤੋਂ ਪੰਜ ਘੰਟੇ ਅਤੇ ਸ਼ਹਿਰਾਂ ਵਿੱਚ ਇੱਕ ਤੋਂ ਦੋ ਘੰਟੇ ਤੱਕ ਬਿਜਲੀ ਕੱਟ ਲਗਾ ਰਹੀ ਹੈ। ਬਿਜਲੀ ਕੱਟਾਂ ਤੋਂ ਨਿਗਮ ਇਨਕਾਰ ਰਹੀ ਹੈ। ਬੁੱਧਵਾਰ ਸਵੇਰੇ ਪਟਿਆਲਾ, ਲੁਧਿਆਣਾ, ਜਲੰਧਰ, ਸੰਗਰੂਰ ਅਤੇ ਅੰਮ੍ਰਿਤਸਰ ਸ਼ਹਿਰਾਂ ਵਿੱਚ ਬਿਜਲੀ ਕੱਟ ਲੱਗ ਗਏ।

# ਕਿਸਾਨ ਦੇਸ਼ ਭਰ ਵਿੱਚ ਮਨਾਉਣਗੇ MSP ਗਾਰੰਟੀ ਹਫ਼ਤਾ



**ਦਿੱਲੀ/ਕਪੂਰ**

ਸੰਯੁਕਤ ਕਿਸਾਨ ਮੋਰਚਾ ਕਿਸਾਨਾਂ ਲਈ ਘੱਟੋ- ਘੱਟ ਸਮਰਥਨ ਮੁੱਲ (MSP) 'ਤੇ ਕਾਨੂੰਨੀ ਗਾਰੰਟੀ ਦੀ ਮੰਗ ਲਈ ਦਬਾਅ ਪਾਉਣ ਲਈ 11 ਤੋਂ 17 ਅਪ੍ਰੈਲ ਤੱਕ 'ਐੱਮਐੱਸਪੀ ਗਾਰੰਟੀ ਹਫ਼ਤਾ' ਮਨਾਏਗਾ। ਐਸਕੇਐਮ ਨੇ ਐਤਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਇਸ ਹਫ਼ਤੇ ਦੌਰਾਨ ਕਿਸਾਨ ਸੰਗਠਨ ਦੇਸ਼ ਭਰ ਵਿੱਚ ਪ੍ਰਦਰਸ਼ਨ ਅਤੇ ਸੈਮੀਨਾਰ ਕਰਨਗੇ। ਪ੍ਰੋਗਰਾਮ ਦਾ ਐਲਾਨ ਸਭ ਤੋਂ ਪਹਿਲਾਂ 14 ਮਾਰਚ ਨੂੰ ਕੀਤਾ ਗਿਆ ਸੀ।

SKM ਨੇ ਕੇਂਦਰ ਦੇ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਖਿਲਾਫ ਦਿੱਲੀ ਦੀਆਂ ਸਰਹੱਦਾਂ @ਤੇ ਇੱਕ ਸਾਲ ਲੰਬੇ ਪ੍ਰਦਰਸ਼ਨ ਦੀ ਅਗਵਾਈ ਕੀਤੀ ਸੀ। ਇਸ ਨੇ ਸਰਕਾਰ ਨੂੰ ਛੇ ਹੋਰ ਮੰਗਾਂ @ਤੇ ਵਿਚਾਰ ਕਰਨ ਲਈ ਕਿਹਾ, ਜਿਨ੍ਹਾਂ @ਚ ਵਿਵਾਦਤ ਕਾਨੂੰਨਾਂ ਨੂੰ ਰੱਦ ਕਰਨ ਅਤੇ ਅੰਦੋਲਨ ਦੌਰਾਨ ਕਿਸਾਨਾਂ @ਤੇ ਦਰਜ ਕੇਸ ਵਾਪਸ ਲੈਣ, ਘੱਟੋ-ਘੱਟ ਸਮਰਥਨ ਮੁੱਲ @ਤੇ ਕਾਨੂੰਨੀ ਗਾਰੰਟੀ ਅਤੇ ਧਰਨੇ ਦੌਰਾਨ ਮਾਰੇ ਗਏ ਕਿਸਾਨਾਂ ਦੇ ਵਾਰਸਾਂ ਨੂੰ ਮੁਆਵਜ਼ਾ ਦੇਣ ਸਮੇਤ ਹੋਰ 6 ਮੰਗਾਂ @ਤੇ ਸਹਿਮਤੀ ਪ੍ਰਗਟਾਏ ਜਾਣ ਤੋਂ ਬਾਅਦ ਅੰਦੋਲਨ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ।

## ਹਿਮਾਚਲ 'ਚ ਸੜਕ ਹਾਦਸੇ ਵਿੱਚ 2 ਦੀ ਮੌਤ

**ਡਮਟਾਲ/ਲੋਕ ਬਾਣੀ**

ਕਾਂਗੜਾ ਦੀ ਗੱਲ ਕਰੀਏ ਤਾਂ ਜਿੱਥੇ ਪਹਾੜੀ ਸੜਕਾਂ @ਤੇ ਲੋਕ ਆਪਣੀ ਜਾਨ ਗੁਆ ਰਹੇ ਹਨ ਉੱਥੇ ਅੱਜ ਜ਼ਿਲ੍ਹਾ ਕਾਂਗੜਾ ਅਤੇ ਚੰਬਾ ਦੀ ਸਰਹੱਦ @ਤੇ ਤੁਨੂਹਟੀ ਦੇ ਕੋਲ ਅੱਜ ਸਵੇਰੇ ਇਕ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ। ਕਾਰ @ਚ 2 ਔਰਤਾਂ ਅਤੇ 2 ਪੁਰਸ਼ ਸਵਾਰ ਸਨ, ਜਿਨ੍ਹਾਂ @ਚੋਂ 2 ਪੁਰਸ਼ਾਂ ਦੀ ਮੌਤ ਹੋ ਗਈ।

## ਸਰੋਗੇਸੀ ਮਾਮਲਿਆਂ ਵਿੱਚ ਹੋ ਰਹੇ ਅਮਰੀਕਾ 'ਚ ਵਾਧੇ ਕਾਰਨ ਕਾਨੂੰਨ ਬਣਾਉਣ ਦੀ ਮੰਗ ਉਠੀ

**ਵਾਸ਼ਿੰਗਟਨ/ਲੋਕ ਬਾਣੀ**

ਅਮਰੀਕਾ ਵਿੱਚ ਭੱਜਦੌੜ ਭਰੀ ਜ਼ਿੰਦਗੀ ਦੇ ਚੱਲਦੇ ਤੇਜ਼ੀ ਨਾਲ ਸਰੋਗੇਸੀ ਦੇ ਮਾਮਲੇ ਵਧ ਰਹੇ ਹਨ।ਇੱਥੇ ਸਰੋਗੇਸੀ ਇੱਕ ਵੱਡੇ ਕਾਰੋਬਾਰ ਦੇ ਰੂਪ ਵਿੱਚ ਵਿਕਸਿਤ ਹੋ ਚੁੱਕੀ ਹੈ। ਅਮਰੀਕਾ ਦੇ ਸਾਰੇ ਰਾਜਾਂ ਵਿੱਚ ਇਸ ਸਬੰਧੀ ਵੱਖ-ਵੱਖ ਕਾਨੂੰਨ ਹਨ।ਸਰੋਗੇਸੀ ਨੂੰ ਲੈ ਕੇ ਕੇਂਦਰੀ ਕਾਨੂੰਨ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ ਕਿਉਂਕਿ ਜ਼ਿਆਦਾਤਰ ਸੂਬਿਆਂ @ਚ ਪੇਡ ਸਰੋਗੇਸੀ ਦਾ ਨਿਯਮ ਹੈ, ਜਿਸ ਨੂੰ ਆਸਾਨੀ ਨਾਲ ਤੋੜਿਆ ਜਾ ਰਿਹਾ ਹੈ। ਲਿਹਾਜਾ ਅਮਰੀਕਾ ਦੀਆਂ ਕੁਝ ਔਰਤਾਂ ਨੂੰ ਸੁਪਰੀਮ ਕੋਰਟ ਵਿੱਚ ਅਪੀਲ ਕਰਨੀ ਪਈ ਹੈ।




## Who ਦਾ ਕੋਰੋਨਾ ਨੂੰ ਲੈ ਕੇ ਆਇਆ ਬਿਆਨ

**ਜੇਨੇਵਾ/ਲੋਕ ਬਾਣੀ**

ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਨੇ ਕਿਹਾ ਕਿ ਕੋਰੋਨਾ ਵਾਇਰਸ ਦੇ ਨਵੇਂ ਮਾਮਲਿਆਂ ਅਤੇ ਮੌਤਾਂ ਦੀ ਗਿਣਤੀ @ਚ ਲਗਾਤਾਰ ਤੀਸਰੇ ਹਫ਼ਤੇ ਕਮੀ ਆਈ ਹੈ। ਡਬਲਯੂ.ਐੱਚ.ਓ. ਨੇ ਮੰਗਲਵਾਰ ਦੇਰ ਰਾਤ ਮਹਾਮਾਰੀ @ਤੇ ਜਾਰੀ ਆਪਣੀ ਤਾਜ਼ਾ ਹਫ਼ਤਾਵਾਰੀ ਰਿਪੋਰਟ @ਚ ਕਿਹਾ ਕਿ ਸਾਹਮਣੇ ਆਏ 70 ਲੱਖ ਤੋਂ ਜ਼ਿਆਦਾ ਨਵੇਂ ਮਾਮਲਿਆਂ @ਚੋਂ ਇਕ ਹਫ਼ਤੇ ਪਹਿਲਾਂ ਦੀ ਤੁਲਨਾ @ਚ 24 ਫੀਸਦੀ ਦੀ ਕਮੀ ਆਈ ਹੈ। ਹਫ਼ਤਾਵਾਰੀ ਆਧਾਰ @ਤੇ ਦੁਨੀਆ ਭਰ @ਚ ਕੋਰੋਨਾ ਨਾਲ ਹੋਈਆਂ ਮੌਤਾਂ ਦੀ ਗਿਣਤੀ ਵੀ 18 ਫੀਸਦੀ ਘੱਟ ਹੋਈ ਹੈ।

ਇਸ ਦੌਰਾਨ ਇਨਫੈਕਸ਼ਨ ਨਾਲ ਮੌਤ ਦੇ ਕਰੀਬ 22,000 ਮਾਮਲੇ ਆਏ। ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਨੇ ਕਿਹਾ ਕਿ ਮਾਮਲਿਆਂ @ਚ ਕਮੀ ਆਉਣ ਕਾਰਨ @ਸਾਵਧਾਨੀ ਵੀ ਬਣਾ ਕੇ ਰੱਖਣੀ ਚਾਹੀਦੀ ਹੈ@ ਕਿਉਂਕਿ ਕਈ ਦੇਸ਼ਾਂ @ਚ ਜਿਥੇ ਵਾਇਰਸ ਦਾ ਕਹਿਰ ਘਟ ਰਿਹਾ ਹੈ, ਉਨ੍ਹਾਂ ਨੇ ਆਪਣੀ ਜਾਂਚ ਰਣਨੀਤੀਆਂ ਨੂੰ ਬਦਲ ਦਿੱਤਾ ਹੈ, ਜਿਸ ਦਾ ਅਰਥ ਹੈ ਕਿ ਬਹੁਤ ਘੱਟ ਮਾਮਲਿਆਂ ਦੀ ਪਛਾਣ ਹੋ ਪਾ ਰਹੀ ਹੈ। ਪੱਛਮੀ ਪ੍ਰਸ਼ਾਂਤ ਸਮੇਤ ਦੁਨੀਆ ਦੇ ਹਰ ਖੇਤਰ @ਚ ਨਵੇਂ ਮਾਮਲੇ ਅਤੇ ਮੌਤਾਂ ਦੀ ਗਿਣਤੀ ਘੱਟ ਰਹੀ ਹੈ।

## 2 ਸਿੱਖਾਂ ਤੇ ਹੋਇਆ ਨਿਊ ਯਾਰਕ ਵਿੱਚ ਹਮਲਾ



**ਨਿਊਯਾਰਕ/ਲੋਕ ਬਾਣੀ**

ਅਮਰੀਕਾ ਵਿੱਚ ਨਿਊ ਯਾਰਕ ਦੇ ਕੁਈਨਜ਼ ਇਲਾਕੇ ਵਿੱਚ ਸਿੱਖ ਭਾਈਚਾਰੇ ਦੇ ਦੋ ਵਿਅਕਤੀਆਂ ਉੱਤੇ ਹਮਲਾ ਕਰਕੇ ਲੁੱਟਮਾਰ ਕੀਤੀ ਗਈ। ਕੁਈਨਜ਼ ਵਿੱਚ ਦਸ ਦਿਨਾਂ ਤੋਂ ਵੀ ਘੱਟ ਸਮੇਂ ਵਿੱਚ ਸਿੱਖ ਭਾਈਚਾਰੇ ਦੇ ਮੈਂਬਰਾਂ ਉੱਤੇ ਇਹ ਦੂਜਾ ਹਮਲਾ ਹੈ। ਸਿੱਖ ਕੁਲੀਸ਼ਨ ਨੇ ਕਿਹਾ ਕਿ ਮੰਗਲਵਾਰ ਨੂੰ ਕੁਈਨਜ਼ ਦੇ ਰਿਚਮੰਡ ਹਿੱਲ ਵਿੱਚ ਦੋ ਸਿੱਖਾਂ 'ਤੇ ਹਮਲਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਲੁੱਟਿਆ ਗਿਆ। ਇਹ ਹਮਲਾ ਉਸ ਥਾਂ ਦੇ ਨੇੜੇ ਹੋਇਆ ਜਿੱਥੇ 3 ਅਪਰੈਲ ਨੂੰ ਨਿਰਮਲ ਸਿੰਘ 'ਤੇ ਹਮਲਾ ਹੋਇਆ ਸੀ।

## ਕਰਨਾਟਕ ਦੇ ਮੰਤਰੀ ਖਿਲਾਫ ਹੋਇਆ ਮਾਮਲਾ ਦਰਜ

**ਮੰਗਲੌਰ/ਲੋਕ ਬਾਣੀ**

ਕਰਨਾਟਕ 'ਚ ਠੇਕੇਦਾਰ ਦੀ ਮੌਤ ਕਾਰਨ ਸੂਬੇ ਦੇ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਮੰਤਰੀ ਕੇਐੱਸ ਈਸ਼ਵਰੱਪਾ ਖ਼ਿਲਾਫ ਖ਼ੁਦਕੁਸ਼ੀ ਲਈ ਉਕਸਾਉਣ ਦਾ ਮਾਮਲਾ ਦਰਜ ਕੀਤਾ ਗਿਆ ਹੈ। ਪੁਲੀ ਨੇ ਦੱਸਿਆ ਕਿ ਈਸ਼ਵਰੱਪਾ ਨੂੰ ਇਸ ਮਾਮਲੇ ਵਿੱਚ ਪਹਿਲਾ ਮੁਲਜ਼ਮ ਬਣਾਇਆ ਗਿਆ ਹੈ। ਠੇਕੇਦਾਰ ਸੰਤੋਸ਼ ਪਾਟਿਲ ਉਡੂਪੀ ਦੇ ਹੋਟਲ ਵਿੱਚ ਸ਼ੱਕੀ ਹਾਲਤ ਵਿੱਚ ਮ੍ਰਿਤਕ ਪਾਇਆ ਗਿਆ। ਪੁਲੀਸ ਨੇ ਮ੍ਰਿਤਕ ਦੇ ਭਰਾ ਪ੍ਰਸ਼ਾਂਤ ਪਾਟਿਲ ਦੀ ਸ਼ਿਕਾਇਤ @ਤੇ ਕੇਸ ਦਰਜ ਕੀਤਾ ਹੈ। ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਪ੍ਰਸ਼ਾਂਤ ਪਾਟਿਲ ਨੇ ਕਿਹਾ ਕਿ ਸਾਲ 2020-21 ਵਿੱਚ ਹਿੰਡਾਲਗਾ ਪਿੰਡ ਦੇ ਵਸਨੀਕ ਰਾਜ ਦੀ ਰਾਜਧਾਨੀ ਵਿੱਚ ਈਸ਼ਵਰੱਪਾ ਨੂੰ ਮਿਲੇ ਸਨ ਅਤੇ ਉਨ੍ਹਾਂ ਨੂੰ ਪਾਣੀ ਦੇ ਨਿਕਾਸ ਲਈ ਨਾਲੀਆਂ, ਸੜਕਾਂ ਅਤੇ ਫੁੱਟਪਾਥ ਬਣਾਉਣ



ਦੀ ਬੇਨਤੀ ਕੀਤੀ ਸੀ। ਪਾਟਿਲ ਨੇ ਅੱਗੇ ਕਿਹਾ ਕਿ ਈਸ਼ਵਰੱਪਾ ਨੇ ਬਜਟ ਦੀ ਚਿੰਤਾ ਕੀਤੇ ਬਿਨਾਂ ਇਸ ਕੰਮ ਦੀ ਇਜਾਜ਼ਤ ਦਿੱਤੀ। ਇਸ ਕੰਮ ਦਾ ਠੇਕਾ ਠੇਕੇਦਾਰ ਸੰਤੋਸ਼ ਪਾਟਿਲ ਨੂੰ ਦਿੱਤਾ ਗਿਆ ਸੀ। ਸ਼ਿਕਾਇਤ 'ਚ ਪ੍ਰਸ਼ਾਂਤ ਨੇ ਇਹ ਵੀ ਕਿਹਾ ਹੈ ਕਿ ਉਸ ਦੇ ਭਰਾ ਸੰਤੋਸ਼ ਪਾਟਿਲ ਨੇ ਇਸ ਪ੍ਰਾਜੈਕਟ 'ਚ 4 ਕਰੋੜ ਰੁਪਏ ਦਾ ਨਿਵੇਸ਼ ਕੀਤਾ ਸੀ ਅਤੇ ਉਸ ਦਾ ਬਿੱਲ ਅਜੇ ਬਕਾਇਆ ਹੈ।

## ਅੰਮ੍ਰਿਤਸਰ ਤੋਂ ਜਿਲਾ ਇੰਚਾਰਜ ਦੀ ਨਿਯੁਕਤੀ



ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵੱਲੋਂ ਹਰਪਾਲ ਸਿੰਘ ਨੂੰ ਅੰਮ੍ਰਿਤਸਰ ਤੋਂ ਜਿਲਾ ਇੰਚਾਰਜ ਨਿਯੁਕਤ ਕੀਤਾ ਜਾਂਦਾ ਹੈ।ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ।

ਮੋ:- 62391-62437

## ਸਮਰਾਲਾ ਤੋਂ ਪੱਤਰਕਾਰ ਦੀ ਨਿਯੁਕਤੀ



ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵੱਲੋਂ ਭੂਸ਼ਣ ਬਾਂਸਲ ਨੂੰ ਸਮਰਾਲਾ ਤੋਂ ਪੱਤਰਕਾਰ ਨਿਯੁਕਤ ਕੀਤਾ ਜਾਂਦਾ ਹੈ ।ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ।

ਮੋ:- 98142-66750

## ਸਮਰਾਲਾ ਤੋਂ ਪੱਤਰਕਾਰ ਦੀ ਨਿਯੁਕਤੀ



ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵੱਲੋਂ ਸੁਨੀਲ ਅਗਰਵਾਲ ਨੂੰ ਸਮਰਾਲਾ ਤੋਂ ਪੱਤਰਕਾਰ ਨਿਯੁਕਤ ਕੀਤਾ ਜਾਂਦਾ ਹੈ ।ਖਬਰਾ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ।

ਮੋ:- 94637-48152



# ਵੱਡੇ ਬਿਜਲੀ ਕੱਟ ਤੋਂ ਪਰੇਸ਼ਾਨ ਕਿਸਾਨ, ਘੇਰਿਆ ਬਿਜਲੀ ਘਰ

**ਸ੍ਰੀ ਮੁਕਤਸਰ ਸਾਹਿਬ/ਲੋਕ ਬਾਣੀ**

ਨਜ਼ਦੀਕ ਪੈਂਦੇ ਪਿੰਡ ਸਰਾਏਨਾਗਾ ਵਿਖੇ ਬਣੇ ਬਿਜਲੀ ਬੋਰਡ ਦੇ ਦਫ਼ਤਰ ਦਾ ਅੱਧੀ ਰਾਤ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬਲਾਕ ਬਰੀਵਾਲਾ ਵੱਲੋਂ ਘਿਰਾਓ ਕੀਤਾ ਗਿਆ। ਇਸ ਸਮੇਂ ਬਲਾਕ ਪ੍ਰਧਾਨ ਨੇ ਦੱਸਿਆ ਕਿ ਕਾਫੀ ਦਿਨਾਂ ਤੋਂ ਪਿੰਡਾਂ ਦੇ ਵਿੱਚ ਬਿਜਲੀ ਦੀ ਸਮੱਸਿਆ ਆ ਰਹੀ ਹੈ। ਕਿਸਾਨ ਬਿਜਲੀ ਦੇ ਕੱਟਾਂ ਤੋਂ ਪ੍ਰੇਸ਼ਾਨ ਹਨ ਅਤੇ ਸਾਰਾ ਦਿਨ ਮਿਹਨਤ ਮਜ਼ਦੂਰੀ ਕਰਕੇ ਥੱਕਿਆ ਟੁੱਟਿਆ ਵਿਅਕਤੀ ਘਰ ਪਹੁੰਚਦਾ ਹੈ ਤਾਂ ਬਿਜਲੀ ਨਹੀਂ ਹੁੰਦੀ ਜਿਸ ਕਰਕੇ ਉਹ ਚੈਨ ਨਾਲ ਰੋਟੀ ਵੀ ਨਹੀਂ ਖਾ ਸਕਦੇ। ਉਨ੍ਹਾਂ ਕਿਹਾ ਕਿ ਜੇਕਰ ਹੁਣ ਸਰਕਾਰ ਵੱਲੋਂ ਇਨ੍ਹਾਂ ਬਿਜਲੀ ਕੱਟਾਂ ਦਾ ਸਥਾਈ ਹੱਲ ਨਾ ਕੀਤਾ ਗਿਆ ਤਾਂ ਮਜਬੂਰਨ ਰੋਡ ਜਾਮ ਕਰਨਾ ਪਵੇਗਾ।



# 4 ਸਾਲਾ ਦੁਸ਼ਕਰਮ ਪੀੜਤ ਨੂੰ ਨਹੀਂ ਮਿਲਿਆ ਇਨਸਾਫ਼

**ਗੁਰਦਾਸਪੁਰ/ਲੋਕ ਬਾਣੀ**

ਚਾਰ ਸਾਲਾਂ ਮਾਸੂਮ ਦੇ ਦੁਸ਼ਕਰਮ ਮਾਮਲੇ ਵਿੱਚ ਲੜਕੀ ਦੇ ਮਾਪਿਆਂ ਅਤੇ ਹੋਰ ਪਰਿਵਾਰਕ ਮੈਂਬਰਾਂ ਸਮੇਤ ਸਮਾਜਿਕ ਸੰਸਥਾਵਾਂ ਦੇ ਆਗੂਆਂ ਦਾ ਵਫ਼ਦ ਐਸਐਸਪੀ ਗੁਰਦਾਸਪੁਰ ਹਰਜੀਤ ਸਿੰਘ ਨੂੰ ਮਿਲਿਆ ਅਤੇ ਮਾਮਲੇ ਦੀ ਜਾਂਚ ਤੇਜ਼ ਕਰਨ ਦੀ ਮੰਗ ਕੀਤੀ। ਵਫ਼ਦ ਵਿੱਚ ਸ਼ਾਮਲ ਸਮਾਜ ਸੇਵੀ ਆਗੂਆਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਾਮਲੇ ਵਿਚ ਅਜੇ ਤੱਕ ਪੁਲਿਸ ਕਿਸੇ ਵੀ ਤਹਿ ਤੱਕ ਨਹੀਂ ਪਹੁੰਚੀ ਹੈ ਅਤੇ ਮੁੱਖ ਦੋਸ਼ੀ ਬਾਰੇ ਕੋਈ ਵੀ ਸੁਰਾਗ ਲਗਾਉਣ ਵਿਚ ਨਾਕਾਮਯਾਬ ਰਹੀ ਹੈ। ਜਿਸ ਤੋਂ ਸਾਬਤ ਹੁੰਦਾ ਹੈ ਕਿ ਪੁਲਿਸ ਦੀ ਜਾਂਚ ਠੀਕ ਢੰਗ ਨਾਲ ਅੱਗੇ ਨਹੀਂ ਵਧ ਰਹੀ। ਜਦ ਕਿ ਮਾਮਲੇ



ਵਿੱਚ ਬਾਲ ਅਧਿਕਾਰ ਅਤੇ ਸੁਰੱਖਿਆ ਵਿਭਾਗ ਦੀ ਸਿਫ਼ਾਰਿਸ਼ @ਤੇ ਐਸ.ਆਈ.ਟੀ ਦੇ ਗਠਨ ਤੋਂ ਬਾਅਦ ਜਾਂਚ ਐਸਪੀ ਸਤਰ ਦੇ ਅਧਿਕਾਰੀ ਕਰ ਰਹੇ ਹਨ ਪਰ ਅਜੇ ਵੀ ਪੁਲਿਸ ਵੱਲੋਂ ਜਾਂਚ ਲਈ ਕੁਝ ਤੱਥਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਆਗੂਆਂ ਨੇ ਮੰਗ ਕੀਤੀ ਕਿ ? ਦੋਸ਼ੀ ਨੂੰ ਫੜਨ ਲਈ ਪੁਲਿਸ ਮਾਮਲੇ ਦੇ ਹਰ ਪਹਿਲੂ @ਤੇ ਗੌਰ ਕਰੇ ਅਤੇ ਬਰੀਕੀ ਨਾਲ ਜਾਂਚ ਕਰਕੇ ਅਸਲੀ ਦੋਸ਼ੀ ਨੂੰ ਕਾਬੂ ਕੀਤਾ ਜਾਏ। ਦੂਜੇ ਪਾਸੇ ਜਾਂਚ ਅਧਿਕਾਰੀ ਐਸ.ਪੀ ਮੁਕੇਸ਼ ਕੁਮਾਰ ਨੇ ਦੱਸਿਆ ਕਿ ਲੜਕੀ ਦੇ ਪਰਿਵਾਰ ਵਾਲਿਆਂ ਅਤੇ ਸਮਾਜਸੇਵੀ ਆਗੂਆਂ ਨੂੰ ਪੁਲਿਸ ਵੱਲੋਂ ਇਹ ਜਾਣਕਾਰੀ ਦੇ ਦਿੱਤੀ ਗਈ ਹੈ ਕਿ ਜਾਂਚ ਕਿੱਥੇ ਤੱਕ ਪਹੁੰਚੀ ਹੈ। ਪੁਲਿਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ ਪਰ ਫੋਰੈਂਸਿਕ ਅਤੇ ਮੈਡੀਕਲ ਦੀ ਰਿਪੋਰਟ ਆਉਣੀ ਬਾਕੀ ਹੈ। ਇਹ ਰਿਪੋਰਟਾਂ ਆਉਂਣ ਤੋਂ ਬਾਅਦ ਜਾਂਚ ਦੇ ਕੰਮ ਵਿੱਚ ਪੁਲੀਸ ਨੂੰ ਕਾਫ਼ੀ ਮੱਦਦ ਮਿਲ ਸਕਦੀ ਹੈ।

# ਇੰਸਪੈਕਟਰ ਸੁਖਵਿੰਦਰ ਕੌਰ ਨੇ ਥਾਣਾ ਮੁਖੀ ਸ਼ੇਰਪੁਰ ਵਜੋਂ ਅਹੁਦਾ ਸੰਭਾਲਿਆ



**ਸ਼ੇਰਪੁਰ/ਹਰਜੀਤ ਕਾਤਿਲ**

ਪੁਲੀਸ ਥਾਣਾ ਸ਼ੇਰਪੁਰ ਵਿਖੇ ਇੰਸਪੈਕਟਰ ਸੁਖਵਿੰਦਰ ਕੌਰ ਨੇ ਥਾਣਾ ਮੁਖੀ ਵਜੋਂ ਅਹੁਦਾ ਸੰਭਾਲ ਲਿਆ ਹੈ। ਇਹ ਕਾਬਲ ਨੌਜਵਾਨ ਮਹਿਲਾ ਪੁਲਿਸ ਅਧਿਕਾਰੀ ਮਹਿਲਾ ਪੁਲਿਸ ਅਤੇ ਸਾਈਬਰ ਕ੍ਰਾਈਮ ਮਾਮਲਿਆਂ @ਚ ਵਿਸ਼ੇਸ਼ ਤਜਰਬਾ ਰੱਖਦੇ ਹਨ ,ਕਿਉਂਕਿ ਉਹ ਮਹਿਲਾ ਸੈੱਲ ਸੰਗਰੂਰ ਵਿਖੇ ਬਤੌਰ ਇੰਚਾਰਜ ਕੰਮ ਕਰ ਚੁੱਕੇ ਹਨ ਅਤੇ ਸਾਈਬਰ ਕਰਾਈਮ ਸੈੱਲ ਦੇ ਇੰਚਾਰਜ ਵਜੋਂ ਵੀ ਆਪਣੀ ਡਿਊਟੀ ਨਿਭਾ ਚੁੱਕੇ ਹਨ।

ਉਨ੍ਹਾਂ ਨੇ ਬਤੌਰ ਐਸਐਚਓ ਸਦਰ ਥਾਣਾ ਸੰਗਰੂਰ ਅਤੇ ਮਹਿਲਾ ਪੁਲੀਸ ਸਟੇਸ਼ਨ ਪਟਿਆਲਾ ਵਿਖੇ ਚੁਣੌਤੀ ਪੂਰਨ ਕਾਰਜਭਾਰ ਨੂੰ ਕੁਸ਼ਲਤਾ ਨਾਲ ਨਿਭਾਇਆ ਹੈ। ਇੰਸਪੈਕਟਰ ਸੁਖਵਿੰਦਰ ਕੌਰ ਦਾ ਕਹਿਣਾ ਹੈ ਕਿ ਉਹ ਖੁਸ਼ਕਿਸਮਤ ਹੈ ਕਿ ਮੈਨੂੰ ਐਸ ਐਸ ਪੀ ਸੰਗਰੂਰ ਸ੍ਰੀ ਮਨਦੀਪ ਸਿੰਘ ਸਿੱਧੂ , ਡੀ ਐੱਸ ਪੀ ਪਰਮਿੰਦਰ ਸਿੰਘ ਧੂਰੀ ਵਰਗੇ ਨਿਡਰ ਅਤੇ ਇਮਾਨਦਾਰ ਅਫਸਰਾਂ ਦੀ ਕਮਾਨ ਹੇਠ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਸ ਮਹਿਲਾ ਪੁਲਿਸ ਅਫਸਰ ਦਾ ਸ਼ੌਕ ਲੋਕਾਂ ਦੀ ਸੇਵਾ ਕਰਨਾ ਅਤੇ ਉਨ੍ਹਾਂ ਨੂੰ ਇਨਸਾਫ ਦਿਵਾਉਣਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲੀਸ ਮੁਖੀ ਸ੍ਰੀ ਮਨਦੀਪ ਸਿੰਘ ਸਿੱਧੂ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਗਈ ਮੁਹਿੰਮ ਤਹਿਤ ਨਸ਼ਾ ਤਸਕਰਾਂ, ਗੈਰ ਕਾਨੂੰਨੀ ਕੰਮ ਕਰਨ ਵਾਲੇ ਅਤੇ ਸ਼ਰਾਰਤੀ ਅਨਸਰਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ।

# ਕੇਂਦਰੀ ਟੀਮਾਂ ਪਹੁੰਚੀਆਂ ਪੰਜਾਬ ਦੀਆਂ ਮੰਡੀਆਂ, ਹਰ ਤਰ੍ਹਾਂ ਦੀ ਸਹਾਇਤਾ ਮੁਹੱਈਆ ਕਰਵਾਉਣ ਲਈ ਵਚਨਬੱਧ: ਲਾਲ ਚੰਦ ਕਟਾਰੂਚੱਕ

**ਚੰਡੀਗੜ੍ਹ/ਲੋਕ ਬਾਣੀ**

ਪੰਜਾਬ ਦੀਆਂ ਸਾਰੀਆਂ ਮੰਡੀਆਂ ਵਿੱਚ ਨਿਰਵਿਘਨ ਖਰੀਦ ਜਾਰੀ ਹੈ ਜਿੱਥੇ ਖਰੀਦ ਅਮਲਾ ਕਿਸਾਨਾਂ ਦੀ ਜਿਣਸ ਦੀ ਖਰੀਦ ਵਿੱਚ ਸਰਗਰਮੀ ਨਾਲ ਜੁਟਿਆ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਅੱਜ ਸਵੇਰੇ ਖਰੀਦ ਅਮਲੇ ਦੀ ਸਾਂਝੀ ਤਾਲਮੇਲ ਕਮੇਟੀ ਦੀ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਹੋਈ ਮੀਟਿੰਗ ਤੋਂ ਬਾਅਦ ਹੜਤਾਲ ਦਾ ਸੱਦਾ ਵਾਪਸ ਲੈ ਲਿਆ ਗਿਆ ਅਤੇ ਖਰੀਦ ਕਾਰਜ ਰਾਜ ਭਰ ਵਿੱਚ ਨਿਰਵਿਘਨ ਜਾਰੀ ਰਹੇ।

ਸੁੱਕੇ ਅਨਾਜ ਲਈ ਮਾਪਦੰਡਾਂ ਵਿੱਚ ਸੋਧ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ ਮੰਤਰੀ ਨੇ ਕਿਹਾ ਕਿ ਇਸ ਦੇ ਮੁਲਾਂਕਣ ਲਈ ਗਠਿਤ ਕੇਂਦਰੀ ਟੀਮਾਂ ਰਾਜ ਵਿੱਚ ਪਹੁੰਚ ਗਈਆਂ ਹਨ ਅਤੇ ਉਨ੍ਹਾਂ ਦੀਆਂ ਰਿਪੋਰਟਾਂ ਭਲਕੇ ਸੌਂਪੇ ਜਾਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਰਾਜ ਖਰੀਦ ਏਜੰਸੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਨ੍ਹਾਂ ਟੀਮਾਂ ਨੂੰ ਹਰ ਸੰਭਵ ਸਹਿਯੋਗ ਦੇਣ ਤਾਂ ਜੋ ਉਹ ਆਪਣੀ ਰਿਪੋਰਟ ਜਲਦੀ ਤੋਂ ਜਲਦੀ ਪੇਸ਼ ਕਰਨ ਦੇ ਯੋਗ ਹੋ ਸਕਣ।

ਜ਼ਿਕਰਯੋਗ ਹੈ ਕਿ ਅੱਤ ਦੀ ਗਰਮੀ



ਕਾਰਨ ਕਈ ਥਾਵਾਂ @ਤੇ ਕਣਕ ਦਾ ਦਾਣਾ ਸੁੰਗੜ ਗਿਆ ਹੈ ਅਤੇ ਕੁਝ ਮੰਡੀਆਂ @ਚ ਆ ਰਹੇ ਅਨਾਜ @ਚ 6 ਫੀਸਦੀ ਦੇ ਮਾਪਦੰਡ ਤੋਂ ਵੱਧ ਦਾਣਾ ਸੁੰਗੜਿਆ ਹੋਇਆ ਹੈ। ਖੁਰਾਕ ਅਤੇ ਜਨਤਕ ਵੰਡ ਵਿਭਾਗ, ਭਾਰਤ ਸਰਕਾਰ ਦੁਆਰਾ ਗਠਿਤ ਕੀਤੀਆਂ ਟੀਮਾਂ ਤੋਂ ਮੰਡੀਆਂ ਵਿੱਚ ਸੁੰਗੜੇ ਹੋਏ ਅਨਾਜ ਦੀ ਆਮਦ ਦੀ ਸੀਮਾ ਦਾ ਮੁਲਾਂਕਣ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਜੋ ਕਿ ਵਿਸ਼ੇਸ਼ਤਾਵਾਂ ਵਿੱਚ ਢੁਕਵੀਂ ਢਿੱਲ ਬਾਰੇ ਅੰਤਿਮ ਫੈਸਲਾ ਲੈਣ ਵਿੱਚ ਭਾਰਤ ਸਰਕਾਰ ਦੀ ਮਦਦ ਕਰੇਗੀ। ਮੰਤਰੀ ਨੇ ਦੁਹਰਾਇਆ ਕਿ ਅਨਾਜ ਦੀ ਦਿੱਖ ਵਿੱਚ ਕਿਸੇ ਵੀ ਤਬਦੀਲੀ ਲਈ ਕਿਸਾਨ ਨੂੰ ਜ਼ਿੰਮੇਵਾਰ ਠਹਿਰਾਉਣਾ ਬੇਇਨਸਾਫ਼ੀ ਹੈ, ਖਾਸ ਕਰਕੇ ਜਦੋਂ ਅਜਿਹੀਆਂ ਤਬਦੀਲੀਆਂ ਕੁਦਰਤੀ ਕਾਰਨਾਂ ਦੁਆਰਾ ਮਨੁੱਖੀ ਕੰਟਰੋਲ ਤੋਂ ਬਾਹਰ ਹੁੰਦੀਆਂ ਹਨ। ਉਨ੍ਹਾਂ ਕਿਸਾਨਾਂ ਨੂੰ ਕੇਂਦਰ ਸਰਕਾਰ ਵੱਲੋਂ ਲੋੜੀਂਦੀ ਢਿੱਲ ਦੇਣ ਤੱਕ ਸਬਰ ਰੱਖਣ ਦੀ ਅਪੀਲ ਕੀਤੀ।


# ਕੇਂਦਰ ਦੀ ਟੀਮ ਵਲੋਂ ਪੰਜਾਬ ਦੀ ਅਨਾਜ ਮੰਡੀ ਦਾ ਦੌਰਾ ਕਰਕੇ ਸੈਂਪਲਿੰਗ ਕੀਤੀ

ਅੱਜ ਪੰਜਾਬ ਭਰ ਵਿਚ ਖਰੀਦ ਏਜੰਸੀਆਂ ਵਲੋਂ ਕਣਕ ਦੀ ਬੋਲੀ ਰੋਕੇ ਜਾਣ ਤੋਂ ਬਾਅਦ ਕੇਂਦਰ ਦੀਆ ਟੀਮਾਂ ਵਲੋਂ ਪੰਜਾਬ ਭਰ ਦੀਆ ਟੀਮਾਂ ਵਲੋਂ ਵੱਖ-ਵੱਖ ਅਨਾਜ ਮੰਡੀਆਂ ਵਿਚ ਸੰਪਲਿੰਗ ਕੀਤੀ ਜਾ ਰਹੀ ਹੈ। ਇਸ ਦੇ ਚਲਦੇ ਅੱਜ ਟੀਮ ਵਲੋਂ ਮਲੋਟ ਦੀ ਅਨਾਜ ਮੰਡੀ ਦਾ ਦੌਰਾ ਕਰਕੇ ਸੈਂਪਲਿੰਗ ਕੀਤੀ ਗਈ, ਜਿਸ ਦੀ ਅੱਜ ਸ਼ਾਮ ਤੱਕ ਰਿਪੋਟ ਪੇਸ਼ ਕਰਨ ਦਾ ਦਾਅਵਾ ਕੀਤਾ। ਪੰਜਾਬ ਭਰ ਦੀਆਂ ਮੰਡੀਆਂ ਚ ਕਣਕ ਦੀ ਖਰੀਦ 1 ਅਪ੍ਰੈਲ ਤੋਂ ਸ਼ੁਰੂ ਹੋ ਗਈ ਸੀ ਫਸਲ ਪੱਕੀ ਨਾ ਹੋਣ ਕਰਕੇ ਫਸਲ ਵੱਡੀ ਮਾਤਰਾ ਵਿਚ ਆ ਰਹੀ ਹੈ। ਕਿਸਾਨਾਂ ਦੀਆਂ ਮੁਸ਼ਕਲਾਂ



ਵੱਧਦੀਆਂ ਨਜਰ ਆ ਰਹੀਆਂ ਹਨ ਤੇ ਮੌਸਮ ਕਾਰਨ ਝਾੜ ਵੀ ਘਟਿਆ ਹੈ। ਸਭ ਤੋਂ ਵੱਡੀ ਮਾਰ ਕਿਸਾਨਾਂ ਤੇ ਮੌਸਮ ਦੀ ਪਈ ਹੈ। ਇਸ ਦੇ ਉਪਰ ਖਰੀਦ ਏਜੰਸੀਆਂ ਵੱਲੋ ਵੀ ਖਰੀਦ ਬੰਦ ਕੀਤੇ ਜਾਣ ਦੇ ਐਲਾਨ ਤੋਂ ਬਾਅਦ ਕਿਸਾਨਾਂ ਤੇ ਦੋਹਰੀ ਮਾਰ ਪਈ। ਅੱਜ ਕੇਂਦਰ ਤੋ ਆਈ ਵਿਸੇਸ਼ ਟੀਮ ਨੇ ਮਲੋਟ ਦੀ ਅਨਾਜ ਮੰਡੀ ਵਿਚ ਕਣਕ ਦੀ ਫਸਲ ਦੇ ਸੈਂਪਲਿੰਗ ਕੀਤੀ ਗਈ। ਇਸ ਮੌਕੇ ਐਫ ਸੀ ਆਈ ਦੇ ਕਵਾਲਟੀ ਕੰਟਰੌਲਰ ਮਨੇਜਰ ਨੇ ਦੱਸਿਆ ਕਿ ਜੋ ਕਣਕ ਦੇ ਦਾਣੇ ਵਿਚ ਬਰੌਕਨ ਆਈ ਹੈ ਜਿਸ ਦੀ ਪੂਰੇ ਜਿਲਾ ਸ੍ਰੀ ਮੁਕਤਸਰ ਸਾਹਿਬ ਦੀਆਂ ਅਨਾਜ ਮੰਡੀਆਂ ਵਿਚ ਸੰਪਲਿੰਗ ਕੀਤੀ ਜਾ ਰਹੀ ਹੈ, ਜਿਸ ਦੀ ਅੱਜ ਸ਼ਾਮ ਤੱਕ ਰਿਪੋਟ ਆ ਜਾਵੇਗੀ ਜੋ ਵੀ ਸਰਕਾਰ ਦੀਆ ਕੋਈ ਵੀ ਹਦਾਇਤਾਂ ਆਉਣਗੀ ਉਸ ਮੁਤਾਬਕ ਖਰੀਦ ਕੀਤੀ ਜਾਵੇਗੀ। ਦੂਸਰੇ ਪਾਸੇ ਇਸ ਮੌਕੇ ਮਾਰਕਫੈੱਡ ਦੇ ਡਿਪਟੀ ਡਾਇਰੇਕਟਰ ਨਿਰਮਲ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆ ਹਦਾਇਤਾਂ ਮੁਤਾਬਿਕ ਅਨਾਜ ਮੰਡੀਆਂ ਵਿਚ ਕਣਕ ਦੀ ਖਰੀਦ ਨੂੰ ਲੈ ਕੇ ਪੂਰੇ ਇੰਤਜਾਮ ਕੀਤੇ ਗਏ ਹਨ। ਉਨ੍ਹਾਂ ਕਿਹਾ ਮੰਡੀਆਂ ਵਿਚ ਬਾਰਦਾਨੇ ਦੀ ਕੋਈ ਘਾਟ ਨਹੀਂ ਹੈ ਅਤੇ 50 ਕਿਲੋਂ ਅਤੇ 30 ਕਿਲੋਂ ਦੀ ਭਰਤੀ ਕੀਤੀ ਜਾ ਰਹੀ ਹੈ। ਫਸਲ ਦੀ ਅਦਾਇਗੀ ਕਿਸਾਨਾਂ ਦੇ ਸਿੱਧੀ ਕਿਸਾਨਾਂ ਦੇ ਖਾਤਿਆਂ ਵਿਚ ਆ ਰਹੀ ਹੈ। ਹੁਣ ਮੌਸਮ ਕਾਰਨ ਕਣਕ ਦੀ ਦਾਣੇ ਦੀ ਸੀਲਡ 6 ਵੱਧ ਆਉਣ ਕਰਕੇ ਮੁਸ਼ਕਲ ਆ ਗਈ ਸੀ ਹੁਣ ਕੇਂਦਰ ਦੀ ਐਫ ਸੀ ਆਈ ਵਲੋਂ ਸੈਂਪਲਿੰਗ ਕੀਤੀ ਜਾ ਰਹੀ ਹੈ ਅਤੇ ਸ਼ਾਮ ਤੱਕ ਇਸ ਦੀ ਰਿਪੋਟ ਆ ਜਾਵੇਗੀ।

# ਔਖੇ ਸਮੇਂ ਵਿੱਚ ਸਰਕਾਰ ਨੂੰ ਕਿਸਾਨਾਂ ਦੀ ਬਾਹ ਫੜਨ ਲਈ ਅਪੀਲ





**ਸ਼ੇਰਪੁਰ/ਹਰਜੀਤ ਕਾਤਿਲ**

ਕਣਕ ਦੀ ਵਾਢੀ ਜ਼ੋਰਾਂ @ਤੇ ਹੈ ਪਰ ਕਣਕ ਦਾ ਝਾੜ ਬਹੁਤ ਘੱਟ ਨਿਕਲਣ @ਤੇ ਕਿਸਾਨ ਚਿੰਤਤ ਹਨ। ਕਿਸਾਨਾਂ ਵੱਲੋਂ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਇਸ ਆਰਥਿਕ ਘਾਟੇ ਦੀ ਭਰਪਾਈ ਲਈ ਬੋਨਸ ਦੀ ਮੰਗ ਕੀਤੀ ਜਾ ਰਹੀ ਹੈ। ਕਾਲਾ ਸਿੰਘ ਰਾਮਨਗਰ ਛੰਨਾ , ਬਲਵਿੰਦਰ ਸਿੰਘ ਸ਼ੇਰਪੁਰ, ਮੁਨਸ਼ੀ ਅਖ਼ਤਰ ਖ਼ਾਨ ਸ਼ੇਰਪੁਰ ਤੇ ਹੋਰ ਕਿਸਾਨਾਂ ਨੇ ਦੱਸਿਆ ਕਿ ਕਣਕ ਦੀ ਬਿਜਾਈ ਤੋਂ ਬਾਅਦ ਲਗਾਤਾਰ ਕਈ ਦਿਨ ਹੋਈ ਬਾਰਸ਼ ਤੇ ਮੌਸਮ ਵਿਚ ਅਚਾਨਕ ਆਈ ਤਬਦੀਲੀ ਕਾਰਨ ਕਣਕ ਦਾ ਝਾੜ ਪਿਛਲੇ ਸੀਜ਼ਨ ਨਾਲੋਂ 30 ਤੋਂ 40 ਪ੍ਰਤੀਸ਼ਤ ਘੱਟ ਨਿਕਲ ਰਿਹਾ ਹੈ। 20 ਕੁਇੰਟਲ ਪ੍ਰਤੀ ਏਕੜ ਦੇ ਕਰੀਬ ਨਿਕਲਣ ਵਾਲੀ ਕਣਕ ਮਹਿਜ਼ 12 ਤੋਂ 14 ਕੁਇੰਟਲ ਪ੍ਰਤੀ ਏਕੜ ਹੀ ਨਿਕਲ ਰਹੀ ਹੈ। ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਖ਼ਤਰ ਖ਼ਾਨ ਨੇ ਦੱਸਿਆ ਇਸ ਕਾਰਨ ਅੰਨਦਾਤੇ ਦੀਆਂ ਉਮੀਦਾਂ ਤੇ ਪਾਣੀ ਫਿਰ ਗਿਆ ਹੈ ,ਕਿਉਂਕਿ ਮਹਿੰਗੇ ਹੋਏ ਤੇਲ, ਖ਼ਾਦ ਬੀਜ, ਦਵਾਈਆਂ ਅਤੇ ਹੋਰ ਖਰਚਿਆਂ ਸਦਕਾ ਇੰਨੀ ਕੁ ਆਮਦਨ ਨਾਲ ਤਾਂ ਲਾਗਤ ਵੀ ਪੂਰੀ ਨਹੀਂ ਹੋ ਰਹੀ ਹੈ। ਪਹਿਲਾਂ ਤੋਂ ਹੀ ਆਰਥਿਕ ਮੰਦਹਾਲੀ ਦਾ ਸ਼ਿਕਾਰ ਕਿਸਾਨਾਂ ਨੂੰ ਘੱਟ ਝਾੜ ਨੇ ਲੱਕ ਤੋੜਵੀਂ ਸੱਟ ਮਾਰੀ ਹੈ। ਉਕਤ ਕੁਦਰਤੀ ਆਫਤ ਦੀ ਸਭ ਤੋਂ ਵੱਧ ਮਾਰ ਠੇਕੇ @ਤੇ ਜ਼ਮੀਨ ਲੈਣ ਵਾਲੇ ਕਿਸਾਨਾਂ ਨੂੰ ਪਈ ਹੈ ਕਿਉਂਕਿ ਉਨ੍ਹਾਂ ਦੇ ਤਾਂ ਠੇਕੇ ਦੇ ਪੈਸੇ ਵੀ ਪੂਰੇ ਨਹੀਂ ਹੋ ਰਹੇ।

# ਸਰਕਾਰੀ ਐਲੀਮੈਂਟਰੀ ਸਕੂਲ ਕਾਲਾ 'ਚ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਏ



**ਛੇਹਰਟਾ/ਹਰਪਾਲ**

ਸਰਕਾਰੀ ਐਲੀਮੈਂਟਰੀ ਸਕੂਲ ਕਾਲਾ ਬਲਾਕ ਵੇਰਕਾ ਵਿਖੇ ਮੁੱਖ ਅਧਿਆਪਕ ਸੁਖਵਿੰਦਰ ਸਿੰਘ ਮਾਨ ਦੀ ਅਗਵਾਈ ਹੇਠ ਸਮੂਹ ਸਟਾਫ ਦੇ ਸਹਿਯੋਗ ਨਾਲ ਨਵੇਂ ਵਿੱਦਿਅਕ ਸੈਸ਼ਨ,ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਏ ਗਏ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਜੁਗੋ ਜੁਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਜੇ ਧਾਰਮਿਕ ਦੀਵਾਨਾਂ ਦੌਰਾਨ ਭਾਈ ਧਰਮਵੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਕੀਰਤਨੀ ਜਥੇ ਵੱਲੋਂ ਅੰਮ੍ਰਿਤਮਈ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਜਸ ਨਾਲ ਜੋਡ਼ਿਆ ਗਿਆ।ਸਮਾਗਮ ਮੌਕੇ ਵਿਧਾਨ ਸਭਾ ਹਲਕਾ ਪੱਛਮੀ ਦੇ ਵਿਧਾਇਕ ਡਾ ਜਸਬੀਰ ਸਿੰਘ ਸੰਧੂ ਨਤਮਸਤਕ ਹੋਏ ਤੇ ਉਨ੍ਹਾਂ ਨੇ ਬੱਚਿਆਂ ਨੂੰ ਨਵੇਂ ਵਿੱਦਿਅਕ ਸੈਸ਼ਨ ਤੇ ਖ਼ਾਲਸਾ ਸਾਜਣਾ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਬੱਚਿਆਂ ਨੂੰ ਵਧੀਆ ਤਰੀਕੇ ਬੱਚਿਆਂ ਨੂੰ ਅਧਿਆਪਕਾਂ ਦਾ ਕਹਿਣਾ ਮੰਨਣ ਤੇ ਵਧੀਆ ਸਿੱਖਿਆ ਲੈ ਕੇ ਚੰਗੇ ਇਨਸਾਨ ਬਣਨ ਦੀ ਅਪੀਲ ਕੀਤੀ।ਡਾ ਜਸਬੀਰ ਸਿੰਘ ਸੰਧੂ ਨੇ ਅੱਗੇ ਕਿਹਾ ਕਿ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਬੱਚਿਆਂ ਦੀ ਆਂ ਬੱਚਿਆਂ ਦੀ ਸਿੱਖਿਆ ਲਈ ਹਰ ਪ੍ਰਕਾਰ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਗਿਆ ਤਾਂ ਜੋ ਬੱਚੇ ਵਧੀਆ ਸਿੱਖਿਆ ਪ੍ਰਾਪਤ ਕਰ ਸਕਣ ਡਾ ਜਸਬੀਰ ਸਿੰਘ ਸੰਧੂ ਨੇ ਕਿਹਾ ਕਿ ਸਰਕਾਰੀ ਐਲੀਮੈਂਟਰੀ ਕਾਲਾ ਵਿਚ ਜਿਹੜੇ ਵੀ ਕੰਮ ਹੋਣ ਵਾਲੇ ਹਨ ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਵਾਇਆ ਜਾਵੇਗਾ। ਮੁੱਖ ਅਧਿਆਪਕ ਸੁਖਵਿੰਦਰ ਸਿੰਘ ਮਾਨ ਤੇ ਸਕੂਲ ਦੇ ਸਮੂਹ ਸਟਾਫ ਵੱਲੋਂ ਵਿਧਾਇਕ ਡਾ ਜਸਬੀਰ ਸਿੰਘ ਸੰਧੂ ਨੂੰ ਗੁਰੂ ਸਾਹਿਬ ਦੀ ਬਖ਼ਸ਼ਿਸ਼ ਸਿਰਪਾਓ ਤੇ ਕਿਰਪਾਨ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਬਲਾਕ ਸਿੱਖਿਆ ਅਫਸਰ ਯਸ਼ਪਾਲ , ਜਗਤਾਰ ਸਿੰਘ ਮਾਨ, ਪ੍ਰਭ ਉੱਪਲ ਪੀਏ, ਅਮਰਜੀਤ ਸਿੰਘ ਨੌਸ਼ਹਿਰਾ, ਹਰਪਾਲ ਸਿੰਘ ਐਕਸਰੇ, ਹਰਜਿੰਦਰ ਸਿੰਘ ਬਾਠ, ਵਾਰਡ ਪ੍ਰਧਾਨ ਸੰਦੀਪ ਸਿੰਘ,ਜ਼ਿਲ੍ਹਾ ਪ੍ਰਧਾਨ ਮੋਹਨਜੀਤ ਸਿੰਘ ਵੇਰਕਾ, ਸੁਰੇਸ਼ ਕੁਮਾਰ ਖੁੱਲਰ, ਸੂਬੇਦਾਰ ਸੇਵਾ ਸਿੰਘ, ਠੇਕੇਦਾਰ ਹਰਦੇਵ ਸਿੰਘ ਸੰਧੂ, ਮੈਡਮ ਸ੍ਰੀਮਤੀ ਸਰਬਜੀਤ ਕੌਰ, ਆਰਤੀ ਗਰੋਵਰ, ਨਰਿੰਦਰ ਕੌਰ, ਸ਼ਬਨਮ ਵਿੱਗ, ਸਵਿੰਦਰ ਕੌਰ, ਬਲਜੀਤ ਕੌਰ, ਪਰਨੀਤ ਕੌਰ, ਅਮਨਦੀਪ ਕੌਰ, ਰਜਵੰਤ ਕੌਰ, ਸਰਬਜੀਤ ਕੌਰ, ਦਵਿੰਦਰ ਕੌਰ, ਪੂਨਮ, ਭੁਪਿੰਦਰ ਕੌਰ, ਰਜਨੀ, ਦੀਪਕ ਕੁਮਾਰ, ਬੀਐੱਮਟੀ ਅਮਨਦੀਪ ਸਿੰਘ ਤੇ ਸਮੂਹ ਸਟਾਫ ਹਾਜ਼ਰ ਸੀ। ਫੋਟੋ ਕੈਪਸ਼ਨ ਧਾਰਮਿਕ ਸਮਾਗਮ ਦੌਰਾਨ ਵਿਧਾਇਕ ਡਾ ਜਸਬੀਰ ਸਿੰਘ ਸੰਧੂ, ਜਗਤਾਰ ਸਿੰਘ ਮਾਨ, ਜਸਪਾਲ ਸਿੰਘ ਪੁਤਲੀਘਰ,ਪ੍ਰਭ ਉੱਪਲ, ਪੀ.ਏ ਅਮਰਜੀਤ ਸਿੰਘ,ਹਰਜਿੰਦਰ ਬਾਠ ਆਦਿ ਨੂੰ ਸਨਮਾਨਤ ਕਰਦੇ ਹੋਏ ਮੁੱਖ ਅਧਿਆਪਕ ਸੁਖਵਿੰਦਰ ਸਿੰਘ ਮਾਨ ਅਤੇ ਸਮੂਹ ਸਟਾਫ।

# ਪੱਤਰਕਾਰ ਸਾਥੀਆਂ ਨੂੰ ਆ ਰਹੀਆਂ ਸਮੱਸਿਆਵਾਂ ਸਬੰਧੀ ਜਾਣੂ ਕਰਵਾਇਆ



**ਕਪੂਰਥਲਾ/ਪਰਮਜੀਤ ਸੰਨੀ**

ਅੱਜ ਕਪੂਰਥਲਾ ਚ ਜ਼ਿਲ੍ਹਾ ਪੁਲਿਸ ਮੁਖੀ ਐਸ ਐਸ ਪੀ ਮਾਣਯੋਗ ਉਦਾਮਾ ਓਮ ਹਰੀ ਜੀ ,ਐਸ ਪੀ ਹੈਡ ਕੁਆਰਟਰ ਅੰਤਰਰਾਸ਼ਟਰੀ ਪਹਿਲਵਾਨ ਸ੍ਰ.ਜਗਜੀਤ ਸਿੰਘ ਸਰੋਆਂ ਨੂੰ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ ਦੇ ਸੂਬਾ ਪ੍ਰਧਾਨ ਮਨਜੀਤ ਮਾਨ , ਜ਼ਿਲ੍ਹਾ ਚੇਅਰਮੈਨ ਜੁਗਿੰਦਰ ਸਿੰਘ ਜਾਤੀਕੇ ,ਵਾਇਸ ਚੇਅਰਮੈਨ ਗੁਰਦੇਵ ਸਿੰਘ ਭੱਟੀ , ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ ਮਹਿਲਾ ਵਿੰਗ ਦੇ ਸੀਨੀਅਰ ਵਾਇਸ ਪ੍ਰਧਾਨ ਐਡਵੋਕੇਟ ਕੁਲਵਿੰਦਰ ਕੌਰ ਪੰਨੂ ,ਸੂਬਾ ਵਾਇਸ ਚੇਅਰਮੈਨ ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਮਿਲ ਕੇ ਪੱਤਰਕਾਰ ਸਾਥੀਆਂ ਨੂੰ ਆ ਰਹੀਆਂ ਸਮੱਸਿਆਵਾਂ ਸਬੰਧੀ ਜਾਣੂ ਕਰਵਾਇਆ ਤੇ ਪੱਤਰਕਾਰ ਸਾਥੀਆਂ ਤੋਂ ਇਲਾਵਾ ਹੋਰ ਲੋਕਾਂ ਦੇ ਮਸਲਿਆਂ ਨੂੰ ਵੀ ਜਲਦੀ ਹੱਲ ਕਰਵਾਉਣ ਦਾ ਭਰੋਸਾ ਦਿਵਾਇਆ ਇਸ ਮੋਕੇ ਜੁਗਿੰਦਰ ਸਿੰਘ ਫੌਜੀ , ਸੁਰਿੰਦਰ ਸੱਭਰਵਾਲ , ਕਸ਼ਮੀਰ ਸਿੰਘ ਭੰਡਾਲ ਤੋਂ ਇਲਾਵਾ ਹੋਰ ਆਗੂ ਵੀ ਇਸ ਮੋਕੇ ਹਾਜ਼ਿਰ ਸਨ ।

# ਜਿਲਾ ਰੋਜਗਾਰ ਤੇ ਕਾਰੋਬਾਰ ਬਿਉਰੋ ਗੁਰਦਾਸਪੁਰ ਵਿਖੇ 18 ਅਪਰੈਲ ਨੂੰ ਪਲੇਸਮੈਂਟ ਕੈਂਪ ਲੱਗੇਗਾ




**ਗੁਰਦਾਸਪੁਰ-ਨਵਨੀਤ ਕੁਮਾਰ**

ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਜਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਉਰੋ ਨੇ ਬਹੁਤ ਬੇਰੋਜ਼ਗਾਰ ਨੋਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਵਾਏ ਹਨ। ਜਿਸ ਦੇ ਸਦਕਾ ਕਿੰਨੇ ਹੀ ਨੋਜਵਾਨ ਆਪਣੇ ਪੈਰਾਂ ▼ਤੇ ਖੜੇ ਹੋਏ ਹਨ ਅਤੇ ਆਪਣੇ ਪਰਿਵਾਰ ਦੀ ਆਰਥਿਕ ਸਥਿਤੀ ਨੂੰ ਮਜਬੂਤ ਕਰ ਸਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਸਵੈ-ਰੋਜ਼ਗਾਰ ਅਤੇ ਵੱਖ-ਵੱਖ ਕੰਪਨੀਆਂ ਵਿਚ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਲਈ ਘਰ-ਘਰ ਰੋਜ਼ਗਾਰ ਯੋਜਨਾ ਵੀ ਚਲਾਈ ਗਈ ਹੈ।

ਪੰਜਾਬ ਸਰਕਾਰ ਦੇ ਮਿਸ਼ਨ ਘਰ ਘਰ ਰੋਜਗਾਰ ਤਹਿਤ ਮਾਨਯੋਗ ਵਧੀਕ ਡਿਪਟੀ ਕਮਿਸ਼ਨਰ(ਜ) ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਮਿਤੀ 18.04.2022 ਨੂੰ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਬਲਾਕ-ਬੀ, ਕਮਰਾ ਨੰ: 217 ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਗੁਰਦਾਸਪੁਰ ਵਿਖੇ ਇੱਕ ਰੋਜਗਾਰ-ਕਮ-ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ । ਰੋਜਗਾਰ-ਕਮ-ਪਲੇਸਮੈਂਟ ਕੈਂਪ ਫਰੀਚਾਰਜ ਅਤੇ ਪੁਖਰਾਜ ਹਰਬਲ ਕੰਪਨੀਆਂ ਹਿੱਸਾ ਲੈ ਰਹੀਆਂ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆ ਜਿਲਾ ਰੋਜਗਾਰ ਅਫਸਰ ਸ੍ਰੀ ਪਰਸ਼ੋਤਮ ਸਿੰਘ ਨੇ ਦਸਿਆ ਹੈ ਕਿ ਕੰਪਨੀਆਂ ਵਲੋਂ ਮਾਰਕਿੰਟਗ ਸੇਲਜ਼ ਐਗਜੈਕਵਟਵ ਮੈਨੇਜਰ , ਮਸ਼ੀਨ ਆਪਰੇਟਰ ਅਤੇ ਕੰਪਿਊਟਰ ਆਪਰੇਟਰ ਦੀ ਆਸਾਮੀਆ ਲਈ ਇੰਟਰਵਿਊ ਲਈ ਜਾਵੇਗੀ। ਇਹਨਾਂ ਆਸਾਮੀਆ ਲਈ ਯੋਗਤਾ A@th ,ABth, ਅਤੇ ਗਰੇਜੁਏਸ਼ਨ ਪਾਸ ਯੋਗਤਾ ਵਾਲੇ ਪ੍ਰਾਰਥੀ ਸ਼ਾਮਲ ਹੋ ਸਕਦੇ ਹਨ। ਇਹਨਾਂ ਕੰਪਨੀਆਂ ਵਲੋਂ ਰੋਜਗਾਰ ਮੇਲੇ ਵਿੱਚ ਚੁਣੇ ਗਏ ਪ੍ਰਾਰਥੀਆਂ ਨੂੰ 10000 ਤੋਂ ਲੈ ਕੇ 12000 ਰੁਪਏ ਤਨਖਾਹ ਦਿੱਤੀ ਜਾਵੇਗੀ ਅਤੇ ਚੁਣੇ ਗਏ ਪ੍ਰਾਰਥੀਆਂ ਨੂੰ ਮੌਕੇ ਤੇ ਹੀ ਆਫਰ ਲੈਟਰ ਵੰਡੇ ਜਾਣਗੇ । ਚਾਹਵਾਨ ਪ੍ਰਾਰਥੀ fwsh 18.04.2022 ਨੂੰ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਬਲਾਕ-ਬੀ, ਕਮਰਾ ਨੰ: 217 ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਗੁਰਦਾਸਪੁਰ ਵਿਖੇ ਸਵੇਰੇ 09:00 ਵਜੇ ਆਪਣੇ ਯੋਗਤਾ ਦੇ ਅਸਲ ਸਰਟੀਫੀਕੇਟ ਲੈ ਕੇ ਪਹੁੰਚਣ।

# ਵਧੀਕ ਡਿਪਟੀ ਕਮਿਸ਼ਨਰ ਰਾਹੁਲ ਵਲੋਂ ਧਾਰਾ 144 ਤਹਿਤ ਬੁੱਚੜਖਾਨੇ 'ਤੇ ਮੀਟ ਦੀਆਂ ਦੁਕਾਨਾਂ ਕੱਲ ਨੂੰ ਬੰਦ ਰੱਖਣ ਦੇ ਹੁਕਮ ਜਾਰੀ



**ਗੁਰਦਾਸਪੁਰ-ਨਵਨੀਤ ਕੁਮਾਰ**

ਵਧੀਕ ਜ਼ਿਲ੍ਹਾ ਮੈਜਿਸਟਰੇਟ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਰਾਹੁਲ ਵਲੋਂ ਫੋਜਦਾਰੀ ਜਾਬਤਾ ਸੰਘਤਾ 1973 ( 2 ਆਫ 1974 ) ਦੀ ਧਾਰਾ 144 ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋ ਕਰਦਿਆਂ ਗੁਰਦਾਸਪੁਰ ਜਿਲੇ ਦੀ ਹਦੂਦ ਅੰਦਰ ਸਾਰੀਆ ਮੀਟ ਅਤੇ ਆਂਡੇ ਦੀਆਂ ਦੁਕਾਨਾਂ / ਰੇਹੜੀਆਂ ਅਤੇ ਬੁੱਚੜਖਾਨੇ ਮਿਤੀ 14 ਅਪਰੈਲ 2022 ਨੂੰ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਗਏ ਹਨ।ਇਸ ਦਿਨ ਹੋਟਲ ਅਤੇ ਢਾਬਿਆਂ ਤੇ ਮੀਟ/ ਆਂਡੇ ਬਣਾਉਣ ਅਤੇ ਵਿਕਰੀ ਕਰਨ ਤੇ ਵੀ ਪੂਰਨ ਤੌਰ ਤੇ ਪਾਬੰਦੀ ਲਗਾਈ ਰਹੇਗੀ। ਹੁਕਮਾਂ ਵਿਚ ਕਿਹਾ ਗਿਆ ਹੈ ਕਿ ਭਗਵਾਨ ਮਹਾਂਵੀਰ ਜਯੰਤੀ ਦਾ ਪਵਿੱਤਰ ਦਿਹਾੜਾ ਮਿਤੀ 14-04-2022 ਨੂੰ ਮਨਾਇਆ ਜਾ ਰਿਹਾ ਹੈ । ਇਸ ਦੀ ਧਾਰਮਿਕ ਮਹੱਤਤਾ ਅਤੇ ਉਪਦੇਸ਼ਾਂ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਜਾਰੀ ਕੀਤੇ ਗਏ ਹਨ।ਇਸ ਦਿਨ ਕਿਸੇ ਵੀ ਜਾਨਵਰ ਦੀ ਹੱਤਿਆ ਕਰਨਾ ਧਾਰਮਿਕ ਰੀਤੀ ਰਿਵਾਜਾਂ ਅਨੁਸਾਰ ਅਸੁਭ ਹੈ । ਇਸ ਦਿਨ ਜਾਨਵਰਾਂ ਦੀ ਹੱਤਿਆ ਕਰਨ ਨਾਲ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ।

# ਐਸ ਐਸ ਪੀ ਸੰਦੀਪ ਕੁਮਾਰ ਸ਼ਰਮਾ ਨੇ ਖਟਕੜ ਕਲਾਂ ਵਿਖੇ ਸ਼ਹੀਦ ਏ ਆਜ਼ਮ ਭਗਤ ਸਿੰਘ ਦੀ ਯਾਦਗਾਰ 'ਤੇ ਸ਼ਰਧਾ ਸੁਮਨ ਅਰਪਣ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਲੋਕਾਂ ਨੂੰ ਨਿਆਂ ਦੇਣਾ ਅਤੇ ਜੁਰਮ ਰਹਿਤ ਮਾਹੌਲ ਪ੍ਰਦਾਨ ਕਰਨ ਦੀ ਵਚਨਬੱਧਤਾ ਪ੍ਰਗਟਾਉਂਦਿਆਂ ਐਸ ਐਸ ਪੀ ਸੰਦੀਪ ਕੁਮਾਰ ਸ਼ਰਮਾ ਨੇ ਕਿਹਾ ਕਿ ਸ਼ਹੀਦ ਏ ਆਜ਼ਮ ਭਗਤ ਸਿੰਘ ਦੇ ਨਾਮ ਨਾਲ ਜਾਣੇ ਜਾਂਦੇ ਜ਼ਿਲ੍ਹੇ ਵਿਚ ਸੇਵਾ ਨਿਭਾਉਣ ਦਾ ਮੌਕਾ ਮਿਲਣਾ ਉਨ੍ਹਾਂ ਦੀ ਖੁਸ਼ ਕਿਸਮਤੀ ਹੈ।ਅੱਜ ਸ਼ਹੀਦ ਏ ਆਜ਼ਮ ਭਗਤ ਸਿੰਘ ਦੀ ਯਾਦਗਾਰ ਤੇ ਪਿੰਡ ਖਟਕੜ ਕਲਾਂ ਵਿਖੇ ਸ਼ਰਧਾ ਸੁਮਨ ਅਰਪਿਤ ਕਰਨ ਪੁੱਜੇ ਜ਼ਿਲ੍ਹਾ ਪੁਲਿਸ ਮੁਖੀ ਨੇ ਕਿਹਾ ਕਿ ਸਰਦਾਰ ਭਗਤ ਸਿੰਘ ਦੇ ਜੱਦੀ ਪਿੰਡ ਦੀ ਮਿੱਟੀ ਵਿੱਚ ਦੇਸ਼ ਸੇਵਾ ਦੀ ਮਹਿਕ ਅੱਜ ਵੀ ਮੌਜੂਦ ਹੈ। ਇਸੇ ਲਈ ਜ਼ਿਲ੍ਹੇ ਵਿੱਚ ਆਉਂਦਾ ਕੋਈ ਵੀ ਪੁਲਿਸ ਜਾਂ ਪ੍ਰਸ਼ਾਸਨਿਕ ਮੁਖੀ ਜ਼ਿਲ੍ਹੇ ਵਿੱਚ ਆਪਣੀ ਸੇਵਾ ਦੀ ਸ਼ੁਰੂਆਤ ਸਰਦਾਰ ਭਗਤ ਸਿੰਘ ਦੀ ਪ੍ਰਤਿਮਾ ਅੱਗੇ ਸੀਸ ਝੁਕਾ ਕੇ ਕਰਦਾ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਪਿਤਾ ਸ. ਕਿਸ਼ਨ ਸਿੰਘ, ਉਨ੍ਹਾਂ ਦੇ ਚਾਚਿਆਂ ਅਤੇ ਉਨ੍ਹਾਂ ਦੀ ਆਪਣੀ ਯਾਦਗਾਰ ਅੱਜ ਵੀ ਇਸ ਗੱਲ ਦਾ ਪ੍ਰਤੀਕ ਹੈ ਕਿ ਸਾਨੂੰ ਆਪਣੇ ਆਸ਼ਿਆਂ ਅਤੇ ਲੋਕ ਸੇਵਾ ਨੂੰ ਤਰਜੀਹ ਦਿੰਦੇ ਹੋਏ ਦੇਸ਼ ਅਤੇ ਪੰਜਾਬ ਹਿਤ ਸਮਰਪਿਤ ਹੋ ਕੇ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ।ਸ੍ਰੀ ਸ਼ਰਮਾ ਨੇ ਕਿਹਾ ਕਿ ਉਹ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨਿਭਾਉਂਦੇ ਹੋਏ ਜਿੱਥੇ ਜ਼ਿਲ੍ਹੇ ਵਿੱਚ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣਗੇ, ਉੱਥੇ ਸਮਾਜ ਵਿਰੋਧੀ ਅਨਸਰਾਂ, ਨਸ਼ਾ ਤਸਕਰਾਂ ਤੇ ਗੈਂਗਸਟਰ ਗਤੀਵਿਧੀਆਂ ਚ ਭਾਗ ਲੈਣ ਵਾਲੇ ਲੋਕਾਂ ਕਿਸੇ ਵੀ ਕੀਮਤ ਤੇ ਨਹੀਂ ਬਖਸ਼ਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਇੱਕੋ ਇੱਕ ਟੀਚਾ ਲੋਕਾਂ ਦੀਆਂ ਸ਼ਿਕਾਇਤਾਂ ਦਾ ਸਮਾਂਬੱਧ ਨਿਪਟਾਰਾ ਤੇ ਬਣਦੀ ਕਰਵਾਈ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦੇਣ ਅਤੇ ਉਨ੍ਹਾਂ ਵਿਰੁੱਧ ਕਰਵਾਈ ਲਈ ਆਉਣ ਵਾਲੇ ਲੋਕਾਂ ਲਈ ਉਹਨਾਂ ਦੇ ਦਫ਼ਤਰ ਦੇ ਦਰਵਾਜ਼ੇ ਹਮੇਸ਼ਾਂ ਖੁੱਲ੍ਹੇ ਰਹਿਣਗੇ ਪਰ ਜੁਰਮ ਚ ਭਾਗੀਦਾਰਾਂ ਲਈ ਉਨ੍ਹਾਂ ਪਾਸੋਂ ਕਿਸੇ ਕਿਸਮ ਦੀ ਲਿਹਾਜ਼ ਦੀ ਆਸ ਨਾ ਰੱਖੀ ਜਾਵੇ।

# ਦੰਦਾਂ ਦੀਆਂ ਬੀਮਾਰੀਆਂ ਅਤੇ ਮੂੰਹ ਦੇ ਕੈਂਸਰ ਦੇ ਮੁਫਤ ਚੈਕਅੱਪ ਕੈਂਪ




**ਲੁਧਿਆਣਾ/ਲੋਕ ਬਾਣੀ**

ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਹਸਪਤਾਲ, ਲੁਧਿਆਣਾ ਖਾਲਸੇ ਦੇ ਸਾਜਨਾ ਦਿਵਸ ਨੂੰ ਸਮਰਪਿਤ ਵਿਸਾਖੀ ਦੇ ਦਿਹਾੜੇ ‘ਤੇ ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਹਸਪਤਾਲ, ਲੁਧਿਆਣਾ ਵੱਲੋਂ ਦੰਦਾਂ ਦੀਆਂ ਬੀਮਾਰੀਆਂ ਅਤੇ ਮੂੰਹ ਦੇ ਕੈਂਸਰ ਦੇ ਮੁਫਤ ਚੈਕਅੱਪ ਕੈਂਪ ਦਾ ਆਯੋਜਨ ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿੱਖੇ ਕੀਤਾ ਗਿਆ। ਇਨ੍ਹਾਂ ਦੋ ਦਿਨਾਂ ਚੈਕਅੱਪ ਕੈਂਪ ਦਾ ਉਦਘਾਟਨ ਹਸਪਤਾਲ ਦੇ ਚੇਅਰਮੈਨ ਬਾਬਾ ਅਨਹਦਰਾਜ ਸਿੰਘ ਜੀ ਨੇ ਮਿਤੀ 13.04.2022 ਨੂੰ ਕੀਤਾ। ਇਸ ਮੌਕੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ, ਬਾਬਾ ਕਾਕਾ ਸਿੰਘ ਜੀ ਮਸਤੂਆਣਾ ਸਾਹਿਬ, ਬਾਬਾ ਕਸ਼ਮੀਰਾ ਸਿੰਘ ਜੀ ਕਾਰਸੇਵਾ ਭੂਰੀ ਸਾਹਿਬ ਅਤੇ ਹੋਰ ਸ਼ਖਸ਼ੀਅਤਾਂ ਸ਼ਾਮਿਲ ਹੋਈਆਂ। ਇਹ ਦੋ ਰੋਜ਼ਾ ਕੈਂਪ ਜੱਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਦੀ ਦੇਖ ਰੇਖ ਵਿੱਚ ਚੱਲ ਰਿਹਾ ਹੈ। ਬਾਬਾ ਜਸਵੰਤ ਸਿੰਘ ਡੈਂਟਲ ਕਾਲਜ ਅਤੇ ਹਸਪਤਾਲ ਦੇ 50 ਡਾਕਟਰਾਂ ਦੀ ਟੀਮ ਪਬਲਿਕ ਹੈਲਥ ਵਿਭਾਗ ਦੇ ਮੁੱਖੀ ਡਾ. ਨਵਦੀਪ ਕੌਰ ਦੀ ਸਰਪ੍ਰਸਤੀ ਹੇਠ ਆਪਣੀਆਂ ਸੇਵਾਵਾਂ ਦੇ ਰਹੇ ਹਨ। ਡਾ. ਨਵਦੀਪ ਨੇ ਲੋਕਾਂ ਵਿੱਚ ਮੂੰਹ ਦੀ ਸਿਹਤ ਸਬੰਧੀ ਬਿਮਾਰੀਆਂ ਦੀ ਵਧੇਰੇ ਜਾਂਚ ਅਤੇ ਮੂੰਹ ਦੀ ਸਫਾਈ ਦੀ ਲੋੜ ਤੇ ਜੋਰ ਦਿੱਤਾ। ਦੰਦਾਂ ਦੇ ਜਾਂਚ ਕੈਂਪ ਵਿੱਚ ਸ਼ਾਮਿਲ ਡਾਕਟਰਾਂ ਦਾ ਮੁੱਖ ਉਦੇਸ਼ ਗੁਰਦੁਆਰਾ ਸਾਹਿਬ ਵਿਖੇ ਦਰਸ਼ਨਾਂ ਲਈ ਆ ਰਹੇ ਸੈਂਕੜੇ ਸ਼ਰਧਾਲੂਆਂ ਦੇ ਦੰਦਾਂ ਦੀ ਜਾਂਚ ਕੀਤੀ ਅਤੇ ਵੱਖ ਵੱਖ ਸ਼ਹਿਰਾਂ ਅਤੇ ਦੇਸ਼ਾਂ ਤੋਂ ਆਏ ਸ਼ਰਧਾਲੂਆਂ ਵਿੱਚ ਦੰਦਾਂ ਅਤੇ ਮੂੰਹ ਦੀ ਸਾਫ ਸਫਾਈ ਸਬੰਧੀ ਜਾਗਰੂਕਤਾ ਪੈਦਾ ਕੀਤੀ।

# ਮੈਨ ਪਾਵਰ ਦੇ ਠੇਕੇ ਲਈ ਠੇਕੇਦਾਰ 18 ਅਪ੍ਰੈਲ ਤੱਕ ਜਮ੍ਹਾ ਕਰਵਾ ਸਕਦੇ ਟੈਂਡਰ ਫਾਰਮ

**ਜਲੰਧਰ/ਰਕੇਸ਼ ਵਰਮਾ**

ਵਿੱਤੀ ਸਾਲ 2022-2023 (ਮਿਤੀ 01.05.2022 ਤੋਂ 31.03.2023) ਦੇ ਲਈ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਦਫ਼ਤਰ, ਡਿਪਟੀ ਕਮਿਸ਼ਨਰ, ਜਲੰਧਰ ਵਿਖੇ ਇਕ ਮੈਨੇਜਰ, ਇਕ ਅਕਾਊਂਟੈਂਟ, ਤਿੰਨ ਸੇਵਾਦਾਰ , ਇਕ ਲਿਫ਼ਟ ਮੈਨ ਅਤੇ ਛੇ ਡਰਾਇਵਰ ਸਬੰਧੀ ਮੈਨ ਪਾਵਰ ਦੇ ਠੇਕੇ ਸਬੰਧੀ ਸੂਚੀਬੱਧ ਪ੍ਰਸਿੱਧ ਠੇਕੇਦਾਰਾਂ ਪਾਸੋਂ ਮੋਹਰਬੰਦ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਕਰਮਚਾਰੀਆਂ ਵਿੱਚ ਮੈਨੇਜਰ ਨੂੰ ਡੀ.ਸੀ.ਰੇਟ (ਕੈਟਾਗਰੀ ਏ), ਅਕਾਊਂਟੈਂਟ ਨੂੰ ਡੀ.ਸੀ. ਰੇਟ (ਕੈਟਾਗਰੀ ਬੀ), ਡਰਾਇਵਰ, ਸੇਵਾਦਾਰ, ਲਿਫ਼ਟ ਮੈਨ ਨੂੰ ਘੱਟੋ-ਘੱਟ ਨਿਰਧਾਰਿਤ ਡੀ.ਸੀ.ਰੇਟ ਮੁਤਾਬਕ ਤਨਖਾਹ ਦਿੱਤੀ ਜਾਵੇਗੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਚਾਹਵਾਨ ਵਿਅਕਤੀ ਹਰ ਪਖੋਂ ਮੁਕੰਮਲ ਟੈਂਡਰ, ਨਜ਼ਾਰਤ ਸ਼ਾਖਾ ਦਫ਼ਤਰ, ਡਿਪਟੀ ਕਮਿਸ਼ਨਰ ਜਲੰਧਰ (ਕਮਰਾ ਨੰਬਰ 123 ਡੀ.ਏ.ਸੀ. ਜਲੰਧਰ) ਵਿੱਚ ਮਿਤੀ 18 ਅਪ੍ਰੈਲ 2022 ਦੁਪਹਿਰ 3.00 ਵਜੇ ਤੱਕ ਪਹੁੰਚਾ ਸਕਦੇ ਹਨ ਅਤੇ ਅਗਲੇ ਦਿਨ ਭਾਵ ਮਿਤੀ 19 ਅਪ੍ਰੈਲ 2022 ਨੂੰ ਸਮਾਂ ਸਵੇਰੇ 11.00 ਵਜੇ ਵਧੀਕ ਡਿਪਟੀ ਕਮਿਸ਼ਨਰ (ਜ) ਜਲੰਧਰ ਦੇ ਦਫ਼ਤਰ ਕਮਰਾ ਨੰਬਰ 19, ਡੀ.ਏ.ਸੀ. ਜਲੰਧਰ ਵਿੱਚ ਟੈਂਡਰਕਾਰਾਂ ਜਾਂ ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧਾਂ ਦੀ ਮੌਜੂਦਗੀ ਵਿੱਚ ਜੋ ਹਾਜ਼ਰ ਹੋਣਾ ਚਾਹੁੰਣਗੇ ਖੋਲ੍ਹੇ ਜਾਣਗੇ। ਜੇਕਰ ਜਮ੍ਹਾਂ ਕਰਵਾਉਣ ਜਾਂ ਖੁੱਲਣ ਵਾਲੇ ਦਿਨ ਜਨਤਕ ਛੁੱਟੀ ਦਾ ਐਲਾਨ ਹੋ ਜਾਂਦਾ ਹੈ ਤਾਂ ਟੈਂਡਰ ਅਗਲੇ ਕੰਮ ਵਾਲੇ ਦਿਨ ਖੋਲ੍ਹੇ ਜਾਣਗੇ। ਉਨ੍ਹਾਂ ਦੱਸਿਆ ਕਿ ਟੈਂਡਰ ਫਾਰਮ, ਨਿਯਮ ਅਤੇ ਸ਼ਰਤਾਂ ਪ੍ਰਾਪਤ ਕਰਨ ਲਈ ਚਾਹਵਾਨ ਪਾਰਟੀ ਕਿਸੇ ਵੀ ਕੰਮ ਵਾਲੇ ਦਿਨ ਨਜ਼ਾਰਤ ਸ਼ਾਖਾ ਦਫ਼ਤਰ ਡਿਪਟੀ ਕਮਿਸ਼ਨਰ ਜਲੰਧਰ (ਕਮਰਾ ਨੰਬਰ 123 ਡੀ.ਏ.ਸੀ. ਜਲੰਧਰ) ਵਿੱਚ ਪਹੁੰਚਾ ਸਕਦੇ ਹਨ ਜੋ ਕਿ 1000/ ਰੁਪਏ (ਨਾ-ਮੋੜਨਯੋਗ ) ਦਾ ਡੀਮਾਂਡ ਡਰਾਫ਼ਟ ਡੀ.ਸੀ.-ਕਮ-ਚੇਅਰਮੈਨ ਉਪਰੇਸ਼ਨ ਐਂਡ ਮੈਨਟੀਨੈਂਸ ਸੁਸਾਇਟੀ ਜਲੰਧਰ (ਪੇਏਬਲ ਐਟ ਜਲੰਧਰ) ਦੇ ਨਾਮ ’ਤੇ ) ਦੀ ਅਦਾਇਗੀ ’ਤੇ ਜਾਰੀ ਕੀਤੇ ਜਾਣਗੇ।

ਬੁਲਾਰੇ ਨੇ ਅੱਗੇ ਦੱਸਿਆ ਕਿ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਜ਼ਿਲ੍ਹਾ ਉਪਰੇਸ਼ਨ ਐਂਡ ਮੈਨਟੀਨੈਂਸ ਸੁਸਾਇਟੀ ਜਲੰਧਰ ਬਿਨਾਂ ਕੋਈ ਕਾਰਨ ਦੱਸੇ ਕਿਸੇ ਵੀ ਬੋਲੀ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਨ। ਉਨ੍ਹਾਂ ਦੱਸਿਆ ਕਿ ਟੈਂਡਰ ਨੋਟਿਸ ਨਾਲ ਸਬੰਧਿਤ ਜੇਕਰ ਕੋਈ ਕੋਰੀਜੰਡਮ/ਸੋਧ ਹੋਈ ਤਾਂ ਪੰਜਾਬ ਸਰਕਾਰ ਤੇ ਸਬੰਧਿਤ ਵਿਭਾਗ ਦੀ ਵੈਬਸਾਈਟ ’ਤੇ ਹੀ ਅਪਲੋਡ ਕੀਤੀ ਜਾਵੇਗੀ ਤੇ ਇਸ ਸਬੰਧੀ ਵੱਖਰੇ ਤੌਰ ’ਤੇ ਕੋਈ ਵੀ ਇਸ਼ਤਿਹਾਰ ਜਾਰੀ ਨਹੀਂ ਕੀਤਾ ਜਾਵੇਗਾ।

# ਨਗਰ ਸੁਧਾਰ ਟਰੱਸਟ ਦੇ ਪੀੜਤ ਕਿਸਾਨਾਂ ਨੇ ਡੀਸੀ ਦਫਤਰ ਦਿੱਤਾ ਧਰਨਾ




**ਗੁਰਦਾਸਪੁਰ/ਨਵਨੀਤ ਕੁਮਾਰ**

ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਸਕੀਮ ਨੰਬਰ ਸੱਤ ਦੇ ਪੀੜ?ਤ ਕਿਸਾਨ ਜਿਨ੍ਹਾਂ ਨੂੰ ਉਨ੍ਹਾਂ ਦੀ ਜ਼ਮੀਨ ਦਾ ਪਿਛਲੇ ਬਾਰਾਂ ਸਾਲ ਤੋਂ ਹੁਣ ਤੱਕ ਮੁਆਵਜ਼ਾ ਨਹੀਂ ਮਿਲਿਆ ਅਤੇ ਥੋੜ੍ਹਾ ਥੋੜ੍ਹਾ ਕਰਕੇ ਹੀ ਕੁਝ ਕਿਸ਼ਤਾਂ ਵਿੱਚ ਪੈਸੇ ਦਿੱਤੇ ਜਾ ਰਹੇ ਹਨ ਉਨ੍ਹਾਂ ਨੇ ਅੱਜ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਫਤਰ ਸਾਹਮਣੇ ਧਰਨਾ ਦਿੱਤਾ ।ਕੁਝ ਦਿਨ ਪਹਿਲਾਂ ਨਗਰ ਸੁਧਾਰ ਟਰੱਸਟ ਦਾ ਚੇਅਰਮੈਨ ਹਟਾ ਦਿੱਤਾ ਗਿਆ ਹੈ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਹਾਰਾਂ ਨੂੰ ਇੰਚਾਰਜ ਬਣਾ ਦਿੱਤਾ ਗਿਆ ਹੈ ।ਡਿਪਟੀ ਕਮਿਸ਼ਨਰ ਗੁਰਦਾਸਪੁਰ ਹੋਰਾਂ ਨੇ ਏਡੀਸੀ ਮੈਡਮ ਅਮਨਦੀਪ ਕੌਰ ਹੋਰਾਂ ਨੂੰ ਇੰਚਾਰਜ ਬਣਾਇਆ ਹੋਇਆ ਹੈ।ਉਨ੍ਹਾਂ ਵੱਲੋਂ ਪਿਛਲੀ ਮੀਟਿੰਗ ਵਿਚ ਇਕ ਕਰੋੜ ਰੁਪਿਆ ਫੌਰੀ ਦੇਣ ਦੀ ਗੱਲ ਕੀਤੀ ਸੀ ਪ੍ਰੰਤੂ ਉਹ ਵੀ ਹੁਣ ਤੱਕ ਨਹੀਂ ਦਿੱਤਾ ਗਿਆ ।ਅੱਜ ਕਿਸਾਨ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਵਿਖੇ 94ਵੇਂ ਦਿਨ ਇਕੱਤਰ ਹੋ ਕੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਡੀਸੀ ਦਫ਼ਤਰ ਗਏ ਅਤੇ ਉਥੇ ਇਸ ਸਬੰਧੀ ਧਰਨਾ ਦਿੱਤਾ ਗਿਆ ।ਬੁਲਾਰਿਆਂ ਨੇ ਮੰਗ ਕੀਤੀ ਕਿ ਵਾਅਦਾ ਕੀਤਾ ਗਿਆ ਇਕ ਕਰੋੜ ਰੁਪਿਆ ਫ਼ੌਰੀ ਅਦਾ ਕੀਤਾ ਜਾਵੇ ਅਤੇ ਬਾਕੀ ਸਾਰੇ ਦੇ ਸਾਰੇ ਪੈਸੇ ਕੁਝ ਦਿਨਾਂ ਵਿੱਚ ਅਦਾ ਕਰਨ ਦਾ ਇੰਤਜ਼ਾਮ ਕੀਤਾ ਜਾਵੇ ।ਬੁਲਾਰਿਆਂ ਨੇ ਸਪੱਸ਼ਟ ਕੀਤਾ ਕਿ ਪਿਛਲੀਆਂ ਸਰਕਾਰਾਂ ਨੇ ਵੀ ਲਾਰਿਆਂ ਵਿੱਚ ਰੱਖਿਆ ਹੈ ਅਤੇ ਹੁਣ ਵਾਲੀ ਸਰਕਾਰ ਦੇ ਵੇਲੇ ਵੀ ਇਸੇ ਤਰ੍ਹਾਂ ਹੀ ਹੋਣਾ ਸ਼ੁਰੂ ਹੋ ਗਿਆ ਹੈ ਅਤੇ ਇਹ ਸਹਿਣ ਨਹੀਂ ਕੀਤਾ ਜਾਵੇਗਾ । ਧਰਨੇ ਦੌਰਾਨ ਡਿਪਟੀ ਕਮਿਸ਼ਨਰ ਸ੍ਰੀ ਇਸ਼ਫਾਕ ਅਹਿਮਦ ਹੋਰਾਂ ਵਫ਼ਦ ਨਾਲ ਗੱਲਬਾਤ ਕੀਤੀ ਤੇ ਇੱਕ ਕਰੋੜ ਰੁਪਿਆ ਸੋਮਵਾਰ ਅਦਾ ਕਰਨ ਦੇ ਨਾਲ ਨਾਲ ਬਾਕੀ ਸਾਰੇ ਪੈਸੇ ਅਦਾ ਕਰਨ ਦੇ ਲਈ ਸਾਰੀ ਚਾਰਾਜ਼ੋਈ ਸਬੰਧੀ ਸਮੁੱਚੀ ਰਿਪੋਰਟ ਦਫ਼ਤਰ ਤੋਂ ਪ੍ਰਾਪਤ ਕੀਤੀ ਅਤੇ ਦੱਸਿਆ ਕਿ ਸਮੁੱਚੀ ਸੂਚਨਾ ਦੇ ਆਧਾਰ ਤੇ ਕਾਰਵਾਈ ਕਰਨ ਉਪਰੰਤ ਟਰੱਸਟ ਦੇ ਬਾਕੀ ਵਿਕਣ ਵਾਲੀ ਰਹਿੰਦੀ ਜਾਇਦਾਦ ਜੇ ਲੋੜ ਪਈ ਤਾਂ ਕੁਰਕ ਕਰਕੇ ਵੀ ਪ੍ਰਬੰਧ ਕੀਤਾ ਜਾਵੇਗਾ ।ਡਿਪਟੀ ਕਮਿਸ਼ਨਰ ਹੋਰਾਂ ਵਿਸ਼ਵਾਸ ਦਿਵਾਇਆ ਕਿ ਇਹ ਪੈਸੇ ਬਹੁਤ ਜਲਦੀ ਸਾਰੇ ਦੇ ਸਾਰੇ ਹੀ ਕਿਸਾਨਾਂ ਨੂੰ ਦਿੱਤੇ ਜਾਣਗੇ । ਇਸ ਉਪਰੰਤ ਧਰਨਾ ਸਮਾਪਤ ਕੀਤਾ ਗਿਆ ਅਤੇ ਆਸ ਜ਼ਾਹਰ ਕੀਤੀ ਕਿ ਇਹ ਅਦਾਇਗੀ ਹੋਣ ਜਲਦੀ ਹੋ ਜਾਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਬੀਰ ਸਿੰਘ ਰੰਧਾਵਾ ਕਪੂਰ ਸਿੰਘ ਘੁੰਮਣ ਅਜੈ ਕੁਮਾਰ ਸੰਘੌਰ ,ਫੂਲ ਚੰਦ ,ਬਲਪ੍ਰੀਤ ਸਿੰਘ ਘੁਰਾਲਾ , ਮੱਖਣ ਸਿੰਘ ਕੁਹਾੜ ,ਬਰਿੰਦਰ ਸਿੰਘ ਲਾਡੀ , ਗੁਰਿੰਦਰ ਸਿੰਘ, ਪਲਵਿੰਦਰ ਸਿੰਘ,ਜਗਪ੍ਰੀਤ ਸਿੰਘ , ਜਗਮੀਤ ਸਿੰਘ, ਰਜਿੰਦਰ ਸਿੰਘ ਸੋਨਾ, ਜਸਵੰਤ ਸਿੰਘ ਪਾਹੜਾ,ਅਮਰਜੀਤ ਕੌਰ ,ਕਮਲ ਪ੍ਰੀਤ ਸਿੰਘ , ਬਲਵਿੰਦਰ ਕੌਰ, ਸੁਰਿੰਦਰ ਸਿੰਘ ਘੁਰਾਲਾ ,ਗੁਰਮੀਤ ਸਿੰਘ, ਜਗੀਰ ਮਸੀਹ, ਗੁਰਮੀਤ ਸਿੰਘ ,ਕੁਲਵਿੰਦਰ ਸਿੰਘ , ਸੁਰਜੀਤ ਕੁਮਾਰ ਸੰਦੀਪ ਸਿੰਘ , ਆਦਿ ਵੀ ਹਾਜ਼ਰ ਸਨ।

# ਇੱਜਤਪਾਲ ਹੋਰ ਵਧਾ ਰਿਹਾ ਪੁਲਿਸ ਦੀ ਇੱਜਤ

## ਪ੍ਰਿੰਸਿਪਲ ਸੈਕਟਰੀ ਵੱਲੋਂ ਸੇਵਾ ਭਾਵਨਾ ਨਾਲ ਡਿਊਟੀ ਨਿਭਾਉਣ ਵਾਲਾ ਏਐਸਆਈ ਇੱਜਤਪਾਲ ਸਿੰਘ ਸਨਮਾਨਿਤ

**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਪੰਜਾਬ ਪੁਲਿਸ ਵਿਚ ਅਜੇ ਵੀ ਜਿਆਦਾਤਰ ਪੁਲਸ ਮੁਲਾਜ਼ਮ ਜੋ ਕਿ ਪੁਲਿਸ ਵਿਭਾਗ ਦੇ ਨਾਮ ਨੂੰ ਚਾਰ ਚੰਨ ਲਗਾਉਂਦੇ ਹਨ। ਜਿਨ੍ਹਾਂ ਵਿੱਚੋ ਅੰਮ੍ਰਿਤਸਰ ਚਾਟੀਵਿੰਡ ਚੌਂਕ, ਨਜਦੀਕ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਆਪਣੀ ਡਿਊਟੀ ਨਿਭਾ ਰਹੇ ਏਐਸਆਈ ਇੱਜਤਪਾਲ ਸਿੰਘ ਇੱਕ ਹਨ। ਜੋ ਕਿ ਆਪਣੇ ਨਾਮ ਦਾ ਅਰਥ ਦੇ ਮੁਤਬਿਕ ਲੋਕਾਂ ਕੋਲੋਂ ਇੱਜਤ ਅਤੇ ਪ੍ਰਸੰਸਾ ਇਕੱਤਰ ਕਰ ਰਹੇ ਹਨ ਹਨ।ਟਰੈਫਿਕ ਪੁਲਿਸ ਅੰਮ੍ਰਿਤਸਰ ਵਿਚ ਤਾਇਨਾਤ ਏਐਸਆਈ ਇੱਜਤਪਾਲ ਸਿੰਘ ਕਿ ਪਿਛਲੇ ਕਈ ਸਾਲਾਂ ਤੋਂ ਆਪਣੀ ਡਿਊਟੀ ਨਿਭਾ ਰਹੇ ਹਨ ਅਤੇ ਲੋਕਾਂ ਦੀ ਸੇਵਾ ਕਰ ਰਹੇ ਹਨ। ਲੋਕ ਬਾਣੀ ਨਾਲ ਗੱਲਬਾਤ ਦੌਰਾਨ ਉਨ੍ਹਾਂ ਦੱਸਿਆਂ ਕਿ ਪਹਿਲਾਂ ਘੰਟਾ ਘਰ ਨਜਦੀਕ ਦਰਬਾਰ ਸਾਹਿਬ ਵਿਖੈ ਵੀ ਕਾਫੀ ਸਮਾਂ ਆਪਣੀ ਡਿਊਟੀ ਨਿਭਾ ਚੁੱਕੇ ਹਨ ਅਤੇ ਬਾਅਦ 'ਚ ਚਾਟੀਵਿੰਡ ਚੌਂਕ ਵਿਚ ਆਪਣੀ ਡਿਊਟੀ ਨਿਭਾ ਰਿਹਾਂ ਹਾਂ। ਇਸ ਦੇ ਨਾਲ ਹੀ ਉਨ੍ਹਾਂ ਦਾ ਕਹਿਣਾ ਹੈ ਕਿ ਮੈਂ ਆਪਣੀ ਡਿਊਟੀ ਨੂੰ ਆਪਣਾ ਧਰਮ ਸਮਝਦਾ ਹਾਂ ਅਤੇ ਇਹ ਧਰਮ ਮੈਂ ਸ਼ੌਂਕ ਨਾਲ ਨਿਭਾ ਰਿਹਾਂ ਹਾਂ ਅਤੇ ਨਿਭਾਂਉਂਦਾ ਰਹਾਂਗਾ। ਉਨ੍ਹਾਂ ਦੱਸਿਆ ਕਿ ਮੈਨੂੰ ਹਰ ਲੋੜਵੰਦ ਦੀ ਮਦਦ ਕਰਨ ਵਿਚ ਸਕੂਨ ਮਿਲਦਾ ਹੈ ਫਿਰ ਭਾਂਵੇ ਉਹ ਕੋਈ ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰਨ ਆਇਆ ਯਾਤਰੀ ਹੋਵੇ ਜਾਂ ਕੋਈ ਰਾਹਗੀਰ ਹੋਵੇ। ਉਨ੍ਹਾਂ ਦੱਸਿਆ ਕਿ ਪੁਲਿਸ ਵਿਭਾਗ ਦੀ ਬਦੋਲਤ ਹੀ ਮੈਂ ਇਸ ਮੰਜਿਲ ਤੇ ਪਹੁੰਚਿਆ ਹਾਂ ਅਤੇ ਇਸ ਵਿਭਾਗ ਵਿਚ ਆਪਣੀ ਡਿਊਟੀ ਨਹੀਂ ਸੇਵਾ ਨਿਭਾਂ ਰਿਹਾ ਹਾਂ ਜੋ ਕਿ ਮੈਂ ਹਮੇਸ਼ਾਂ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਂਉਂਦਾ ਰਹਾਂਗਾ। ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਵਿਖੇ ਆਉਂਦੇ ਇਕ ਬਜੁਰਗ ਯਾਤਰੀ ਦਾ ਕਹਿਣਾ ਹੈ ਕਿ



ਇਹ ਪੁਲਿਸ ਵਾਲਾ ਬਹੁਤ ਚੰਗਾ ਹੈ, ਇਹ ਰੋਜਾਨਾ ਸੜਕ ਪਾਰ ਕਰਨ ਵਿਚ ਮੇਰੀ ਮਦਦ ਕਰਦਾ ਹੈ, ਪਰਮਾਤਮਾ ਇਸਦੀ ਉਮਰ ਲੰਬੀ ਕਰੇ। ਇਸਦੇ ਨਾਲ ਹੀ ਗੁਰਦੁਆਰਾ ਸਾਹਿਬ ਨਜਦੀਕ ਚਾਹ ਦੀ ਦੁਕਾਨ ਲਾਉਂਦੇ ਹੋਏ ਵਿਅਕਤੀ ਦਾ ਕਹਿਣਾ ਹੈ ਕਿ ਇੱਜਤਪਾਲ ਸਿੰਘ ਲੋਕਾ ਦੀ ਮਦਦ ਕਰਨ ਵਿਚ ਕਦੇ ਪਿੱਛੇ ਨਹੀਂ ਰਹਿੰਦਾ ਹਰ ਇਕ ਦੀ ਮਦਦ ਲਈ ਹਮੇਸ਼ਾ ਤਿਆਰ ਰਹਿੰਦਾ ਹੈ। ਜਿਕਰਯੋਗ ਹੈ ਕਿ ਬੀਤੇ ਸਮੇਂ ਵਿਚ ਸੋਸ਼ਲ ਮੀਡੀਆਂ 'ਤੇ ਵਾਇਰਲ ਹੋਈ ਵੀਡੀਓ ਵਿਚ ਦਿਖਾਇਆ ਗਿਆ ਕਿ ਏਐਸਆਈ ਇੱਜਤਪਾਲ ਸਿੰਘ, ਪੁਲਿਸ ਕਮਿਸ਼ਨਰੇਟ, ਅੰਮ੍ਰਿਤਸਰ ਦੇ ਟ੍ਰੈਫਿਕ ਸਟਾਫ ਵਿੱਚ ਤਾਇਨਾਤ ਹੈ ਅਤੇ ਚਾਟੀਵਿੰਡ ਚੌਂਕ, ਨਜ਼ਦੀਕ ਬਾਬਾ ਦੀਪ ਸਿੰਘ ਜੀ ਗੁਰੂਦੁਆਰਾ ਸ਼ਹੀਦਾਂ ਸਾਹਿਬ ਵਿਖੇ ਆਪਣੀ ਡਿਊਟੀ ਬੜੀ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਨਿਭਾ ਰਹੇ ਹੈ ਅਤੇ ਇਸ ਕਰਮਚਾਰੀ ਵੱਲੋਂ ਨਿਭਾਈ ਜਾ ਰਹੀ ਡਿਊਟੀ ਸਦਕਾ ਆਮ ਪਬਲਿਕ ਵੱਲੋਂ ਬਹੁਤ ਸਲਾਹਿਆ ਜਾ ਰਿਹਾ ਹੈ। ਜਿਸ ਕਾਰਨ ਪਬਲਿਕ ਵਿੱਚ ਪੁਲਿਸ ਦਾ ਅਕਸ ਹੋਰ ਉੱਚਾ ਹੋਇਆ ਹੈ ਅਤੇ ਪੁਲਿਸ ਪ੍ਰਸਾਸ਼ਨ ਲਈ ਬਹੁਤ ਹੀ ਮਾਨ ਵਾਲੀ ਗੱਲ ਹੈ। ਇਸ ਵੀਡਿਉ ਬਾਰੇ ਪ੍ਰਿੰਸਿਪਲ ਸੈਕਟਰੀ, ਗ੍ਰਹਿ ਮਾਮਲੇ ਤੇ ਨਿਆ ਵਿਭਾਗ, ਪੰਜਾਬ ਸਰਕਾਰ ਆਈਏਐਸ, ਅਨੁਰਾਗ ਵਰਮਾ ਦੇ ਧਿਆਨ ਵਿੱਚ ਆਉਂਣ ਉੱਤੇ ਇਸ ਬਾਰੇ ਕਮਿਸ਼ਨਰ ਪੁਲਿਸ, ਅੰਮ੍ਰਿਤਸਰ ਪਾਸੋਂ ਪਤਾ ਕੀਤਾ ਗਿਆ। ਕਮਿਸ਼ਨਰ ਪੁਲਿਸ, ਅੰਮ੍ਰਿਤਸਰ ਸੁਖਚੈਨ ਸਿੰਘ ਗਿੱਲ ਵੱਲੋਂ ਇਸ ਕਰਮਚਾਰੀ ਦੀ ਵਧੀਆਂ ਡਿਊਟੀ ਕਰਕੇ ਇਸਨੂੰ ਪ੍ਰਸ਼ੰਸਾ ਪੱਤਰ ਦੇਣ ਦੀ ਸਿਫਾਰਸ਼ ਕੀਤੀ ਗਈ ਸੀ।ਜਿਸ ਤੇ ਖੁਸ਼ ਹੋ ਕੇ ਪ੍ਰਿੰਸਿਪਲ ਸੈਕਟਰੀ, ਗ੍ਰਹਿ ਮਾਮਲੇ ਤੇ ਨਿਆ ਵਿਭਾਗ, ਪੰਜਾਬ ਸਰਕਾਰ ਆਈਏਐਸ, ਅਨੁਰਾਗ ਵਰਮਾਂ, ਨੇ ਏਐਸਆਈ ਇੱਜਤਪਾਲ ਸਿੰਘ ਦੀ ਹੌਸਲਾ ਅਫ਼ਜਾਈ ਲਈ ਇਕ ਪ੍ਰਸ਼ੰਸਾ ਪੱਤਰ ਜਾਰੀ ਕੀਤਾ ਗਿਆ। ਇਹ ਪ੍ਰਸ਼ੰਸਾ ਪੱਤਰ ਕਮਿਸ਼ਨਰ ਪੁਲਿਸ, ਅੰਮ੍ਰਿਤਸਰ ਡਾ.ਸੁਖਚੈਨ ਸਿੰਘ ਗਿੱਲ, ਆਈ.ਪੀ.ਐਸ, ਵੱਲੋ ਏਐਸਆਈ ਇੱਜਤਪਾਲ ਸਿੰਘ ਨੂੰ ਆਪਣੇ, ਦਫ਼ਤਰ ਵਿੱਖੇ ਦੇ ਕੇ ਸਨਮਾਨਿਤ ਕੀਤਾ ਗਿਆ।

### ਵਧੀਕ ਜ਼ਿਲ੍ਹਾ ਮੈਜਿਸਟਰੇਟ ਵਲੋਂ ਭਗਵਾਨ ਮਹਾਂਵੀਰ ਜੈਯੰਤੀ ਮੌਕੇ 14 ਅਪ੍ਰੈਲ ਨੂੰ ਮੀਟ ਅਤੇ ਆਂਡੇ ਦੀਆਂ ਦੁਕਾਨਾਂ/ਰੇਹੜੀਆਂ 'ਤੇ ਵਿਕ੍ਰੀ ਦੀ ਪ੍ਰਾਬੰਦੀ

**ਜਲੰਧਰ/ਰਕੇਸ਼ ਵਰਮਾ**

ਵਧੀਕ ਜ਼ਿਲ੍ਹਾ ਮੈਜਿਸਟਰੇਟ, ਜਲੰਧਰ ਅਮਰਜੀਤ ਬੈਂਸ ਵਲੋਂ ਫੌਜਦਾਰੀ ਜਾਬਤਾ ਸੰਘਤਾ ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਿਤੀ 14.04.2022 ਨੂੰ ਭਗਵਾਨ ਮਹਾਂਵੀਰ ਜੈਯੰਤੀ ਵਾਲੇ ਦਿਨ ਜ਼ਿਲ੍ਹਾ ਜਲੰਧਰ ਦੀਆਂ ਸਾਰੀਆਂ ਮੀਟ ਅਤੇ ਆਂਡੇ ਦੀਆਂ ਦੁਕਾਨਾਂ/ਰੇਹੜੀਆਂ 'ਤੇ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ ਹੈ।

### ਪਟਿਆਲਾ ਮਾਲ ਰੋਡ ਤੋਂ ਫ਼ਰਜ਼ੀ ਪੁਲਿਸ ਕਾਂਸਟੇਬਲ ਗ੍ਰਿਫਤਾਰ ਆਈ ਡੀ ਕਾਰਡ ਤੇ ਲਾਈ ਸੀ ਐਸ ਐਸ ਪੀ ਮੋਹਾਲੀ ਦੀ ਮੋਹਰ

**ਪਟਿਆਲਾ/ਇਕਬਾਲ ਸਿੰਘ**

ਥਾਣਾ ਕੋਤਵਾਲੀ ਪੁਲਿਸ ਨੇ ਇਕ ਫਰਜ਼ੀ ਕਾਂਸਟੇਬਲ ਨੂੰ ਗ੍ਰਿਫ਼ਤਾਰ ਕੀਤਾ ਹੈ। ਸੋਮਵਾਰ ਰਾਤ ਉਕਤ ਫਰਜ਼ੀ ਕਾਂਸਟੇਬਲ ਖਾਕੀ ਪੈਂਟ ਤੇ ਚਿੱਟੀ ਟੀ-ਸ਼ਰਟ ਤੇ ਪੁਲਿਸ ਦੇ ਲੋਗੋ ਲਗਾ ਕੇ ਮਾਲ ਰੋਡ @ਤੇ ਘੁੰਮ ਰਿਹਾ ਸੀ ਤੇ ਲੋਕਾਂ ਨੂੰ ਧਮਕਾ ਰਿਹਾ ਸੀ। ਸੂਚਨਾ ਮਿਲਦਿਆਂ ਹੀ ਪੁਲਿਸ ਮੌਕੇ @ਤੇ ਪਹੁੰਚੀ ਤੇ ਕਾਂਸਟੇਬਲ ਨੂੰ ਹਿਰਾਸਤ @ਚ ਲੈ ਲਿਆ। ਮੁਲਜ਼ਮ ਦੀ ਪਛਾਣ ਰਸ਼ਪਿੰਦਰ ਸਿੰਘ ਵਜੋਂ ਹੋਈ ਹੈ ਜਿਸ ਦੀ ਜੇਬ @ਚੋਂ ਪੰਜਾਬ ਪੁਲਿਸ ਦਾ ਫਰਜ਼ੀ ਪਛਾਣ ਪੱਤਰ ਵੀ ਬਰਾਮਦ ਹੋਇਆ।

## ਸਰਕਾਰੀ ਕਾਲਜ ਰਾਏਕੋਟ ਵਿਖੇ ਡਾ ਭੀਮ ਰਾਓ ਅੰਬੇਦਕਰ ਦੇ ਜਨਮਦਿਨ ਤੇ ਸਮਾਗਮ ਕਰਵਾਇਆ



**ਰਾਏਕੋਟ/ਗੁਰਭਿੰਦਰ ਗੁਰੀ**

ਨਜਦੀਕੀ ਪਿੰਡ ਬੁਰਜ ਹਰੀ ਸਿੰਘ ਸਥਿਤ ਸਹਿਬਜਾਦਾ ਜੋਰਾਵਰ ਸਿੰਘ ਸਰਕਾਰੀ ਡਿਗਰੀ ਕਾਲਜ ਵੱਲੋਂ ਵਿਭਾਗ ਦੇ ਨਿਰਦੇਸ਼ਾਂ ਅਨੁਸਾਰ ਡਾ.ਭੀਮ ਰਾਓ ਅੰਬੇਡਕਰ ਦੇ 131ਵੇਂ ਜਨਮ ਦਿਵਸ ਤੇ ਇੱਕ ਸਮਾਗਮ ਆਯੋਜਿਤ ਕੀਤਾ ਗਿਆ, ਜਿਸ ਵਿੱਚ ਸਰਕਾਰੀ ਕਾਲਜ ਲੁਧਿਆਣਾ ਤੋਂ ਸ਼੍ਰੀ ਸਤੀਸ਼ ਚੰਦਰ ਧਵਨ ਤੇ ਪ੍ਰੋ.ਡਾਕਟਰ ਹਰਬਿਲਾਸ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਉਹਨਾਂ ਜਿੱਥੇ ਬਾਬਾ ਸਾਹਿਬ ਦੇ ਜੀਵਨ ਬਾਰੇ ਵਿਦਿਆਰਥੀਆਂ ਨੂੰ ਵਿਸਥਾਰ ਪੂਰਵਕ ਸਮਝਾਇਆ ਉੱਥੇ ਹੀ ਉਨ੍ਹਾਂ ਡਾ.ਅੰਬੇਡਕਰ ਜੀ ਵਾਂਗ ਜਿੰਦਗੀ ਜਿਉਂਣ ਤੇ ਸਮਾਜ ਨੂੰ ਡਾ.ਅੰਬੇਡਕਰ ਵੱਲੋਂ ਦਿੱਤੀਆਂ ਗਈਆਂ ਸਿਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰੋ. ਪਰਵਿੰਦਰ ਕੁਮਾਰ ਨੇ ਕਿਹਾ ਕਿ ਬਾਬਾ ਸਾਹਿਬ ਨੇ ਸਮਾਜ ਨੂੰ ਇਕ ਲੜੀ ਵਿੱਚ ਪਿਰੋਇਆ ਹੈ। ਸਮਾਗਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਕੀਤੀ। ਇਸ ਮੌਕੇ ਪ੍ਰੋ. ਹਰਵਿੰਦਰ ਜੋਸ਼ੀ,ਪ੍ਰੋ. ਪੂਜਾ ਕਪੂਰ, ਪ੍ਰੋ.ਭੋਲਾ ਨਾਥ,ਪ੍ਰੋ. ਜਗਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

## ਦਾਣਾ ਮੰਡੀਆਂ ਵਿਚ ਕਿਸਾਨਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ-ਰਮਨ ਬਹਿਲ

**ਗੁਰਦਾਸਪੁਰ-ਨਵਨੀਤ ਕੁਮਾਰ**

ਪੰਜਾਬ ਸਰਕਾਰ ਵਲੋਂ ਕਣਕ ਦੀ ਫਸਲ ਦੀ ਖਰੀਦ ਲਈ ਪੁਖਤਾ ਪ੍ਰਬੰਧ ਕੀਤੇ ਹਨ ਅਤੇ ਮੰਡੀਆਂ ਵਿਚ ਕਿਸਾਨਾਂ ਨੂੰ ਕੋਈ ਮੁਸ਼ਕਿਲਾਂ ਨਹੀਂ ਆਉਣ ਦਿੱਤੀ ਜਾਵੇਗੀ। ਇਹ ਪ੍ਰਗਟਾਵਾ ਸ੍ਰੀ ਰਮਨ ਬਹਿਲ, ਆਪ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਚੇਅਰਮੈਨ ਐਸ.ਐਸ.ਐਸ ਬੋਰਡ ਪੰਜਾਬ ਵਲੋਂ ਵਾਹਲਾ ਟਰੇਡਿੰਗ ਕੰਪਨੀ ਦੇ ਫੜ੍ਹ ਦਾ ਉਦਘਾਟਨ ਕਰਨ ਉਪਰੰਤ ਕਣਕ ਦੀ ਖਰੀਦ ਸ਼ੁਰੂ ਕਰਵਾਉਣ ਮੋਕੇ ਕੀਤੇ। ਇਸ ਮੌਕੇ ਵਾਹਲਾ ਟਰੇਡਿੰਗ ਕੰਪਨੀ ਦੇ ਮਾਲਕ ਦਲੇਰ ਲੱਖੋਵਾਲ, ਭਾਰਤ ਭੂਸ਼ਣ, ਇੰਚਾਰਜ ਆਪ ਪਾਰਟੀ ਦਫਤਰ ਗੁਰਦਾਸਪੁਰ, ਗੁਰਨਾਮ ਸਿੰਘ, ਕਮਲਜੀਤ ਸਿੰਘ ਏ.ਐਫ.ਐਸ.ਓ ਹਾਜਰ ਸਨ। ਇਸ ਮੌਕੇ ਗੱਲ ਕਰਦਿਆਂ ਰਮਨ ਬਹਿਲ ਨੇ ਕਿਹਾ ਕਿ ਆਪ ਪਾਰਟੀ ਦੀ ਸਰਕਾਰ ਕਿਸਾਨਾਂ ਦੀ ਫਸਲ ਦਾ ਦਾਣਾ-ਦਾਣਾ ਖਰੀਦਣ ਲਈ ਵਚਨਬੱਧ ਹੈ ਤੇ ਮੰਡੀਆਂ ਵਿਚ ਕਿਸਾਨਾਂ ਨੂੰ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉਨਾਂ ਦਾਣਾ ਮੰਡੀ ਵਿਚ ਪਹੁੰਚੇ ਕਿਸਾਨਾਂ ਨਾਲ ਮੀਟਿੰਗ ਵੀ ਕੀਤੀ ਤੇ ਕਿਹਾ ਕਿ ਸੂਬਾ ਸਰਕਾਰ ਵਲੋਂ ਕਣਕ ਦੀ ਖਰੀਦ, ਚੁਕਾਈ ਤੇ ਅਦਾਇਗੀ ਦੇ ਪੁਖਤਾ ਪ੍ਰਬੰਧ ਕੀਤੇ ਗਏ ਤੇ ਕਿਸਾਨਾਂ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਉਨਾਂ ਕਿਸਾਨਾਂ ਨੂੰ ਮੰਡੀਆਂ ਵਿਚ ਸੁੱਕੀ ਫਸਲ ਲਿਆਉਣ ਦੀ ਅਪੀਲ ਕੀਤੀ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿਚ ਕੋਈ ਮੁਸ਼ਕਿਲ ਪੇਸ਼ ਆ ਆਵੇ। ਉਨਾਂ



ਅਧਿਕਾਰੀਆਂ ਨਾਲ ਤਾਲਮੇਲ ਕਰਦੇ ਹੋਏ ਅਧਿਕਾਰੀਆਂ ਨੂੰ ਮੰਡੀਆਂ ਵਿਚ ਕਿਸਾਨਾਂ ਦੀ ਸਹੂਲਤ ਦੇ ਪੁਖਤਾ ਪ੍ਰਬੰਧ ਕਰਨ ਲਈ ਕਿਹਾ। ਇਸ ਮੌਕੇ ਅਧਿਕਾਰੀਆਂ ਨੇ ਫਸਲ ਦੀ ਖਰੀਦ ਸਬੰਧੀ ਪ੍ਰਬੰਧਾਂ ਤੋਂ ਜਾਣੂੰ ਕਰਵਾਇਆ। ਦੱਸਣਯੋਗ ਹੈ ਕਿ ਜ਼ਿਲੇ ਦੀਆਂ ਮੰਡੀਆਂ ਵਿਚ 1365 ਮੀਟਰਕ ਟਨ ਕਣਕ ( 12 ਅਪ੍ਰੈਲ ਤਕ) ਦੀ ਆਮਦ ਹੋਈ ਹੈ, ਜਿਸ ਵਿਚੋਂ 866 ਮੀਟਰਕ ਟਨ ਦੀ ਖਰੀਦ ਹੋ ਗਈ ਹੈ। ਪਨਗਰੇਨ ਵਲੋਂ 467 ਮੀਟਰਕ ਟਨ, ਮਾਰਕਫੈੱਡ ਵਲੋਂ 64 ਮੀਟਰਕ ਟਨ, ਪਨਸਪ ਵਲੋਂ 38 ਮੀਟਰਕ ਟਨ, ਵੇਅਰਹਾਊਸ ਵਲੋਂ 112 ਅਤੇ ਐਫ.ਸੀ.ਆਈ ਵਲੋਂ 185 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਸ ਮੌਕੇ ਹਿੱਤਪਾਲ ਬਲਾਕ ਇੰਚਾਰਜ, ਲਵਲੀ ਤਿੱਬੜ, ਪਰਮਜੀਤ, ਗੁਰਵਿੰਦਰ ਭੁੱਲਰ, ਹਰਦੇਵ ਸਿੰਘ ਬੱਬੇਹਾਲੀ, ਸੁਰਜੀਤ ਸਿੰਘ, ਰਣਜੀਤ ਸਿੰਘ, ਗੁਰਦੇਵ ਸਿੰਘ, ਅਜੀਤ ਸਿੰਘ ਚੱਗੂਵਾਲ, ਰਣਜੀਤ ਸਿੰਘ ਬਹਿਲ, ਹਰਜਿੰਦਰ ਸਿੰਘ, ਬਿੱਟੂ ਜੀ, ਜਗਜੀਤ ਸਿੰਘ ਪਿੰਟਾ , ਪਨਸਪ ਖਰੀਦ ਏਜੰਸੀ ਦੇ ਇਸਪੈਕਟਰ ਤੇ ਮਾਰਕਿਟ ਕਮੇਟੀ ਗੁਰਦਾਸਪੁਰ ਦੇ ਨੁਮਾਇੰਦੇ ਆਦਿ ਮੋਜੂਦ ਸਨ।

# ਖਾਲਸਾ ਸਿਰਜਣਾ ਜ਼ਬਰ-ਜ਼ੁਲਮ ਦੇ ਵਿਰੋਧ ਵਿਚ ਇਕ ਐਲਾਨੀਆ ਸੰਘਰਸ਼ ਸੀ: ਡਾ ਤੇਜਿੰਦਰ ਪਾਲ ਸਿੰਘ

**ਪਟਿਆਲਾ/ਦੇਵੀਗੜ੍ਹ/ਇਕਬਾਲ ਸਿੰਘ:-** ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਸ਼ੁਰੂ ਕੀਤਾ ਮਿਸ਼ਨ ਆਪਣੇ ਅੰਤਲੇ ਪੜਾਅ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸੇ ਦੀ ਸਿਰਜਣਾ ਕਰਨ ਨਾਲ ਸੰਪੂਰਨ ਹੁੰਦਾ ਹੈ। ਇਸ ਨਾਲ ਗੁਰੂ ਸਾਹਿਬ ਨੇ ਦਬੀ-ਕੁਚਲੀ 'ਰਯੀਅਤ' ਵਿਚ ਇਕ ਨਵੀਂ ਰੂਹ ਭਰ ਦਿੱਤੀ, ਜਿਸ ਨਾਲ ਜ਼ਬਰ-ਜ਼ੁਲਮ ਦੇ ਵਿਰੋਧ ਵਿਚ ਇਕ ਐਲਾਨੀਆ ਸੰਘਰਸ਼ ਸ਼ੁਰੂ ਹੋਇਆ9 ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਧਰਮ ਅਧਿਐਨ ਮੰਚ ਦੇ ਕਨਵੀਨਰ ਅਤੇ ਅਸਿਸਟੈਂਟ ਪ੍ਰੋਫੈਸਰ ਡਾ ਤੇਜਿੰਦਰ ਪਾਲ ਸਿੰਘ ਨੇ ਪੱਤਰਕਾਰ ਨਾਲ ਵਿਸ਼ੇਸ਼ ਮਿਲਣੀ ਦੌਰਾਨ ਕੀਤਾ। ਉਨ੍ਹਾਂ ਦਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਬਣਾਈ ਸੰਗਤ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮੇਂ 'ਖਾਲਸਾ' ਰੂਪ ਵਿਚ ਤਬਦੀਲ ਹੋਈ। ਇਸ ਬਾਰੇ ਸ੍ਰੀ ਗੁਰ ਸੋਭਾ ਦਾ ਕਰਤਾ ਕਵੀ ਸੈਨਾਪਤਿ ਲਿਖਦਾ ਹੈ, ਕਰਨਹਾਰ ਕਰਤਾਰ ਹੁਕਮੁ ਕਰਤੇ ਕੀਆ। ਕਰ ਮਸੰਦ ਸਭਿ ਦੂਰਿ ਖਾਲਸਾ ਕਰਿ ਲੀਆ।



ਇਤਿਹਾਸਕ ਦ੍ਰਿਸ਼ਟੀ ਤੋਂ ਦੇਖੀਏ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ-ਸਿਰਜਣ ਦੀ ਵਿਉਂਤ ਨਾਲ ਦੂਰ-ਦੁਰਾਡੇ ਦੀਆਂ ਸੰਗਤਾਂ ਨੂੰ 30 ਮਾਰਚ, 1699 ਈ. ਦੀ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕਤਰ ਹੋਣ ਦਾ ਸਦਾ ਦਿਤਾ। ਫਲਸਰੂਪ, ਮਿਥੇ ਸਮੇਂ-ਸਥਾਨ ਉਤੇ ਸੰਗਤਾਂ ਦਾ ਲਗਪਗ 80,000 ਦਾ ਇਕਠ ਹੋਇਆ। ਨਿਸ਼ਚਿਤ ਵਿਉਂਤ ਅਨੁਸਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਵਿਖੇ ਦਰਬਾਰ ਸਜਾਇਆ ਗਿਆ। ਦਿਵਾਨ ਦੀ ਸਮਾਪਤੀ ਉਪਰੰਤ ਗੁਰੂ ਸਾਹਿਬ ਨੇ ਨੰਗੀ ਤਲਵਾਰ ਲੈ ਕੇ ਇਕ ਸੀਸ ਦੀ ਮੰਗ ਕੀਤੀ। ਅਜਿਹਾ ਸੁਣਦਿਆਂ ਹੀ ਸੰਗਤ ਵਿਚ ਸਨਾਟਾ ਛਾ ਗਿਆ। ਗੁਰੂ ਸਾਹਿਬ ਨੇ ਕੋਈ ਸਿਖ ਆਉਂਦਾ ਨਾ ਦੇਖ ਤਿੰਨ ਵਾਰ ਆਪਣੀ ਮੰਗ ਦੁਹਰਾਈ। ਫਲਸਰੂਪ, ਲਾਹੌਰ ਨਿਵਾਸੀ ਭਾਈ ਦਇਆ ਰਾਮ ਆਪਣਾ ਸੀਸ ਭੇਟ ਕਰਨ ਲਈ ਹਾਜ਼ਰ ਹੋਏ, ਜਿਨ੍ਹਾਂ ਨੂੰ ਗੁਰੂ ਸਾਹਿਬ ਤੰਬੂ ਵਿਚ ਲੈ ਗਏ। ਤੰਬੂ ਵਿਚੋਂ ਗੁਰੂ ਸਾਹਿਬ ਜਦੋਂ ਵਾਪਿਸ ਆਏ ਤਾਂ ਉਨ੍ਹਾਂ ਦੀ ਕ੍ਰਿਪਾਨ ਲਹੂ ਨਾਲ ਭਿਜੀ ਹੋਈ ਸੀ। ਖ਼ੂਨ ਦਾ ਪ੍ਰਵਾਹ ਦੇਖ ਕੇ ਕਈਆਂ ਦੇ ਹੌਂਸਲੇ ਡੋਲ ਗਏ। ਦੂਜੀ ਵਾਰ ਗੁਰੂ ਸਾਹਿਬ ਨੇ ਇਕ ਹੋਰ ਸੀਸ ਦੀ ਮੰਗ ਕੀਤੀ। ਦੁਬਾਰਾ ਓਹੀ ਮੰਗ ਸੁਣ ਕੇ ਪੰਡਾਲ ਵਿਚ ਹਾਹਾਕਾਰ ਮਚ ਗਈ। ਇਹ ਕੌਤਕ ਵੇਖ ਕੇ ਸੰਗਤ ਵਿਚੋਂ ਕਈ ਸਿਖ ਗੁਰੂ ਸਾਹਿਬ ਦੀ ਨਿੰਦਾ ਵੀ ਕਰਨ ਲਗੇ, ਪਰੰਤੂ ਗੁਰੂ ਸਾਹਿਬ ਦੇ ਸੂਖਮ ਭੇਦ ਨੂੰ ਕਿਸੇ ਨੇ ਨਹੀਂ ਜਾਣਿਆ। ਦੂਜੀ ਵਾਰ ਦਿੱਲੀ ਨਿਵਾਸੀ ਭਾਈ ਧਰਮ ਚੰਦ ਸੀਸ ਭੇਟ ਕਰਨ ਲਈ ਅਗੇ ਆਏ। ਗੁਰੂ ਸਾਹਿਬ ਉਸ ਨੂੰ ਵੀ ਤੰਬੂ ਵਿਚ ਲੈ ਗਏ। ਇਸ ਉਪਰੰਤ ਗੁਰੂ ਸਾਹਿਬ ਨੇ ਵਾਰੀ-ਵਾਰੀ ਤਿੰਨ ਹੋਰ ਸੀਸ ਮੰਗੇ। ਗੁਰੂ ਸਾਹਿਬ ਦੇ ਹੁਕਮ ਨੂੰ ਪ੍ਰਵਾਨ ਕਰਦਿਆਂ ਦਵਾਰਕਾ (ਹਸਤਨਾਪੁਰ) ਨਿਵਾਸੀ ਭਾਈ ਮੁਹਕਮ ਚੰਦ, ਹਿੰਮਤ ਚੰਦ ਅਤੇ ਬਿਦਰ ਨਿਵਾਸੀ ਸਾਹਿਬ ਚੰਦ ਨੇ ਆਪਣੇ ਸੀਸ ਭੇਟ ਕੀਤੇ। ਇਹ ਪੰਜੇ ਸਿਖ ਵਖੋ-ਵਖਰੀ ਜਾਤ ਦੇ ਸਨ। ਪੰਜ ਸੀਸ ਲੈਣ ਤੋਂ ਬਾਅਦ ਗੁਰੂ ਸਾਹਿਬ ਪੰਜਾਂ ਨੂੰ ਸੁਰਜੀਤ ਕਰਕੇ ਤੰਬੂ ਤੋਂ ਬਾਹਰ ਲੈ ਕੇ ਆਏ। ਸਤਲੁਜ ਦਰਿਆ ਤੋਂ ਜਲ ਮੰਗਵਾ ਕੇ ਸਰਬਲੋਹ ਦੇ ਬਾਟੇ ਵਿਚ ਪਾਇਆ ਗਿਆ, ਜਿਸ ਵਿਚ ਮਾਤਾ ਸਾਹਿਬ ਕੌਰ ਨੇ ਪਤਾਸੇ ਪਾਏ। ਪੰਜ ਬਾਣੀਆਂ (ਜਪੁ, ਜਾਪੁ, ਸਵੈਯੇ, ਚੌਪਈ ਅਤੇ ਅਨੰਦੁ ਸਾਹਿਬ) ਪੜ੍ਹਨ ਉਪਰੰਤ ਤਿਆਰ ਕੀਤਾ 'ਅੰਮ੍ਰਿਤ' ਪੰਜ ਸਿਖਾਂ ਨੂੰ ਛਕਾਇਆ ਗਿਆ। ਉਪਰੰਤ ਉਨ੍ਹਾਂ ਨੂੰ ਰਹਿਤ ਦ੍ਰਿੜ੍ਹ ਕਰਵਾਈ ਗਈ। ਇਨ੍ਹਾਂ ਨੂੰ ਗੁਰੂ ਸਾਹਿਬ ਨੇ 'ਖਾਲਸਾ' ਦਾ ਖਿਤਾਬ ਦਿੱਤਾ। ਗੁਰੂ ਸਾਹਿਬ ਨੇ ਉਨ੍ਹਾਂ ਪਾਸੋਂ ਆਪ ਵੀ ਅੰਮ੍ਰਿਤ ਦੀ ਦਾਤਿ ਪ੍ਰਾਪਤ ਕੀਤੀ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪੇ ਗੁਰ ਚੇਲਾ ਬਣ ਕੇ ਪੰਜ ਪਿਆਰਿਆਂ ਨੂੰ ਪੰਥ ਦੀ ਅਗਵਾਈ ਬਖਸ਼ੀ। ਖਾਲਸਾ ਕੇਵਲ ਆਦਰਸ਼ਿਕ ਵਿਅਕਤੀ ਹੀ ਨਹੀਂ, ਉਸ ਦੀ ਨਿਜ-ਜ਼ਿੰਦਗੀ ਦਾ ਸੰਪੂਰਨ ਹੋਣਾ ਹੀ ਕਾਫੀ ਨਹੀਂ, ਬਲਕਿ ਪੰਥਕ ਜਜ਼ਬਾ ਤੇ ਜਿੰਮੇਵਾਰੀਆਂ ਦੇ ਸਮੁਚੇ ਪਹਿਲੂਆਂ ਬਾਰੇ ਸੁਚੇਤ ਹੋਣਾ ਤੇ ਅਮਲ ਵਿਚ ਕੰਮ ਕਰਨੇ, ਉਸ ਦੀ ਜ਼ਿੰਦਗੀ ਦਾ ਇਕ ਹਿਸਾ ਹਨ। 'ਗਰੀਬ ਦੀ ਰਖਿਆ, ਜ਼ਰਵਾਣੇ ਦੀ ਭਖਿਆ', ਗਰੀਬ-ਗੁਰਬੇ ਦੀ ਬਾਂਹ ਫੜਨੀ ਤੇ ਅੰਤਿਮ ਰੂਪ ਵਿਚ ਸਰਬਤ ਲੋਕਾਈ ਦੇ ਸਰਵ-ਪਖੀ ਵਿਕਾਸ ਲਈ ਹਰ ਸੰਭਵ ਕਾਰਜ ਕਰਨੇ, ਖਾਲਸੇ ਦਾ ਮੁਖ ਪੰਥਕ ਰੋਲ ਹੈ।

ਖਾਲਸਾ ਉਸ ਅਵਸਥਾ ਦਾ ਲਖਾਇਕ ਹੈ, ਜਿਥੇ ਮੌਤ ਦਾ ਭੈ ਨਹੀਂ ਰਹਿੰਦਾ, ਕਿਉ ?ਕਿ ਖਾਲਸੇ ਦੀ ਉਤਪਤੀ ਹੋਈ ਹੀ ਮੌਤ ਤੋਂ ਹੈ। ਇਸ ਦੇ ਨਾਲ ਹੀ ਖਾਲਸੇ ਅੰਦਰ ਬੀਰਤਾ ਸਮੋਈ ਹੋਈ ਹੈ, ਜਿਸ ਕਾਰਨ ਉਹ ਹਰ ਸਮੇਂ ਅਕਾਲਪੁਰਖ ਨੂੰ ਚੇਤੇ ਰਖਦਾ ਹੋਇਆ ਚਿਤ ਵਿਚ ਜੁਧ ਦੀ ਵਿਚਾਰ ਰਖਦਾ ਹੈ।

ਡਾ ਤੇਜਿੰਦਰ ਪਾਲ ਸਿੰਘ ਨੇ ਦਸਿਆ ਕਿ ਖਾਲਸੇ ਦੀ ਸਿਰਜਣਾ ਦਾ ਇਕ ਮੁਖ ਉਦੇਸ਼ ਕਥਿਤ ਨੀਵੀਆਂ ਜਾਤਾਂ ਵਾਲੇ ਮਨੁਖਾਂ ਅੰਦਰ ਹਰ ਬਦੀ ਨਾਲ ਟਕਰਾਅ ਜਾਣ ਦਾ ਸਾਹਸ ਭਰਨਾ ਸੀ। ਖਾਲਸਾ ਸਾਜਣਾ ਤੋਂ ਬਾਅਦ ਸਿਖ ਇਕ ਜਥੇਬੰਦਕ ਢਾਂਚੇ ਵਿਚ ਬਝ ਗਏ। ਉਨ੍ਹਾਂ ਦੀ ਸਮੁਚੀ ਜੀਵਨ-ਸ਼ੈਲੀ ਇਕ ਨਵੇਂ ਰੂਪ ਵਿਚ ਸਾਹਮਣੇ ਆਈ। ਖਾਲਸਾ ਸਿਰਜਣਾ ਜ਼ਬਰ-ਜ਼ੁਲਮ ਦੇ ਵਿਰੋਧ ਵਿਚ ਇਕ ਐਲਾਨੀਆ ਸੰਘਰਸ਼ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦੈਵੀ ਮਿਸ਼ਨ ਨੂੰ ਅੰਤਿਮ ਛੁਹ ਦਿੰਦੇ ਹੋਏ ਖਾਲਸਾ ਸਾਜਣ ਤੋਂ ਬਾਅਦ ਸਰੀਰਕ-ਗੁਰੂ ਦੀ ਪਿਰਤ ਖਤਮ ਕਰਕੇ ਗ੍ਰੰਥ -ਪੰਥ ਨੂੰ ਗੁਰਿਆਈ ਬਖਸ਼ੀ।

# ਰਾਜਾ ਵੜਿੰਗ ਦੀ ਪ੍ਰਧਾਨਗੀ ਹੇਠ ਕਾਂਗਰਸ ਹੋਵੇਗੀ ਮਜ਼ਬੂਤ ਸਾਬਕਾ ਵਿਧਾਇਕ ਕਾਕਾ ਲੋਹਗੜ੍ਹ

**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਕਾਂਗਰਸ ਹਾਈ ਕਮਾਂਡ ਵੱਲੋਂ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਕਾਂਗਰਸ ਪਾਰਟੀ ਪੰਜਾਬ ਦਾ ਪ੍ਰਧਾਨ ਬਨਾਉਣ ਤੇ ਕਾਂਗਰਸ ਪਾਰਟੀ ਦੇ ਵਰਕਰਾਂ ਵਿਚ ਵੱਡੇ ਪੱਧਰ ਤੇ ਖੁਸ਼ੀ ਪਾਈ ਜਾ ਰਹੀ ਹੈ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਵਿਧਾਇਕ ਸਰਦਾਰ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਨਵ ਨਿਯੁਕਤ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਨੂੰ ਪ੍ਰਦੇਸ਼ ਕਾਂਗਰਸ ਦੀ ਕਮਾਨ ਸੌਂਪੇ ਜਾਣ ਤੇ ਵਧਾਈ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਵੜਿੰਗ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਹੋਰ ਮਜ਼ਬੂਤ ਹੋਵੇਗੀ ਗੱਲਬਾਤ ਦੌਰਾਨ ਹਲਕਾ ਧਰਮਕੋਟ ਤੋਂ ਕਾਂਗਰਸ ਪਾਰਟੀ ਦੇ ਸਾਬਕਾ ਐਮ ਐਲ ਏ ਸ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਨੇ ਕਿਹਾ ਕਿ ਆਮ ਆਦਮੀ ਪਾਰਟੀ ਜੁਮਲਿਆਂ ਦੀ ਪਾਰਟੀ ਹੈ ਅਤੇ ਝੂਠੇ ਲਾਰਿਆਂ ਨਾਲ ਪੰਜਾਬ ਵਿੱਚ ਕਾਬਜ਼ ਹੋਈ ਹੈ ਅੱਜ ਪੰਜਾਬ ਵਿੱਚ ਬਿਜਲੀ ਦਾ ਬੁਰਾ ਹਾਲ ਹੈ ਤੇ ਕਣਕ ਦੀ ਖਰੀਦ ਨਹੀਂ ਹੋ ਰਹੀ ਹਰ ਪਾਸੇ ਆਮ ਆਦਮੀ ਪਾਰਟੀ ਦੀ ਕਿਰਕਰੀ ਹੋ ਰਹੀ ਹੈ ਮੁੱਖ ਮੰਤਰੀ ਸਾਬ੍ਹ ਲੋਕਾਂ ਦੇ ਮਸਲੇ ਹੱਲ ਕਰਨ ਦੀ ਬਜਾਏ ਹਿਮਾਚਲ ਅਤੇ ਗੁਜਰਾਤ ਵਿੱਚ ਚੋਣ ਪ੍ਰਚਾਰ ਕਰਦੇ ਰਹੇ ਹਨ ਇਸ ਲਈ ਕਾਂਗਰਸ ਪਾਰਟੀ ਲੋਕਾਂ ਦੀ ਪਾਰਟੀ ਹੈ ਕਾਂਗਰਸ ਪਾਰਟੀ ਇੰਟਰਨੈਸ਼ਨਲ ਪਾਰਟੀ ਹੈ ਜਿਸ ਨੂੰ ਦੇਸ਼ ਦੇ ਕੋਨੇ ਕੋਨੇ ਵਿੱਚ ਹਰ ਵਰਗ ਦੇ ਲੋਕਾਂ ਨੇ ਸਤਿਕਾਰ ਦਿੱਤਾ ਹੈ ਸੁਖਜੀਤ ਸਿੰਘ ਕਾਕਾ ਲੋਹਗਡ ? ਨੇ ਕਾਂਗਰਸ ਹਾਈ ਕਮਾਂਡ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਜੋ ਕਿ ਲਗਾਤਾਰ ਤਿੰਨ ਵਾਰ ਵਿਧਾਇਕ ਬਣੇ ਅਤੇ ਜਿਨ੍ਹਾਂ ਨੇ ਹੋਰਨਾਂ ਪਾਰਟੀਆਂ ਦੇ ਵੱਡੇ ਵੱਡੇ ਲੀਡਰਾਂ ਨੂੰ ਮਾਤ ਦਿੱਤੀ ਹੈ ਇਸ ਲਈ ਪੰਜਾਬ ਦੇ ਲੋਕ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਕਾਂਗਰਸ ਪਾਰਟੀ ਪੰਜਾਬ ਦੇ ਪ੍ਰਧਾਨ ਬਣਨ ਤੇ ਬਾਗੋ ਬਾਗ ਹਨ।



# ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਦੀ ਕਾਸਤ ਸਬੰਧੀ ਸਿਖਲਾਈ ਦੇਣ ਲਈ ਬਟਾਲਾ 'ਚ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ

## ਮਾਹਿਰਾਂ ਨੇ ਭਵਿੱਖ ਦੀ ਖੁਸ਼ਹਾਲੀ ਲਈ ਕੁਦਰਤੀ ਸੋਮਿਆਂ ਨੂੰ ਬਚਾਉਣ ਦੀ ਲੋੜ 'ਤੇ ਜ਼ੋਰ ਦਿੱਤਾ

**ਬਟਾਲਾ/ਸੁਖਨਾਮ ਸਿੰਘ**

ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਦੀ ਕਾਸਤ ਸਬੰਧੀ ਸਿਖਲਾਈ ਦੇਣ ਲਈ ਅੱਜ ਖੇਤੀਬਾੜੀ ਤੇ ਕਿਸਾਨ ਭਲਾਈ ਵੱਲੋਂ ਬਟਾਲਾ ਦੀ ਪਸੂ ਮੰਡੀ ਵਿੱਚ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਖੇਤੀਬਾੜੀ ਅਫਸਰ ਹੈੱਡਕੁਆਟਰ ਡਾ. ਰਣਧੀਰ ਠਾਕੁਰ ਦੇ ਪ੍ਰਬੰਧਾਂ ਹੇਠ ਲਗਾਏ ਗਏ ਇਸ ਕੈਂਪ ਵਿੱਚ ਵਿਧਾਨ ਸਭਾ ਹਲਕਾ ਬਟਾਲਾ ਦੇ ਵਿਧਾਇਕ ਸ੍ਰੀ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਮੁੱਖ ਮਹਿਮਾਨ ਵਜੋਂ ਪਹੁੰਚੇ। ਇਸ ਤੋਂ ਇਲਾਵਾ ਆਮ ਆਦਮੀ ਦੇ ਜ਼ਿਲ੍ਹਾ ਪ੍ਰਧਾਨ ਕਸ਼ਮੀਰ ਸਿੰਘ ਵਾਹਲਾ ਸਮੇਤ ਹੋਰ ਜਥੇਬੰਦੀਆਂ ਤੇ ਕਿਸਾਨ ਸੰਗਠਨਾਂ ਦੇ ਆਗੂਆਂ ਨੇ ਇਸ ਕੈਂਪ ਵਿੱਚ ਵਿਸੇਸ ਤੌਰ ▾ਤੇ ਸਮੂਲੀਅਤ ਕੀਤੀ।






ਸਿਖਲਾਈ ਕੈਂਪ ਦੌਰਾਨ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਖੁਸ਼ਹਾਲ ਬਣਾਉਣ ਲਈ ਕੰਮ ਕਰ ਰਹੀ ਹੈ ਅਤੇ ਜਲਦੀ ਹੀ ਇਸ ਨਤੀਜੇ ਦੇਖਣ ਨੂੰ ਮਿਲਣਗੇ। ਉਨ੍ਹਾਂ ਕਿਹਾ ਕਿ ਚਾਲੂ ਖਰੀਦ ਸੀਜ਼ਨ ਦੌਰਾਨ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਕਣਕ ਦੀ ਫਸਲ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਖੇਤੀਬਾੜੀ ਦੇ ਨਾਲ ਸਹਾਇਕ ਕਿੱਤੇ ਸ਼ੁਰੂ ਕਰਨ ਦੀ ਅਪੀਲ ਵੀ ਕੀਤੀ। ਵਿਧਾਇਕ ਅਮਰਪਾਲ ਸਿੰਘ ਨੇ ਕਿਹਾ ਕਿ ਅਜੋਕੇ ਦੌਰ ਦੀ ਖੇਤੀ ਨਾਲ ਮਿੱਟੀ, ਪਾਣੀ ਤੇ ਹਵਾ ਪ੍ਰਦੂਸ਼ਿਤ ਹੋ ਰਹੇ ਹਨ, ਜੇਕਰ ਇਹੀ ਰੁਝਾਨ ਰਿਹਾ ਤਾਂ ਆਉਣ ਵਾਲਾ ਸਮਾਂ ਸਾਡੀਆਂ ਪੀੜੀਆਂ ਲਈ ਅਨੁਕੂਲ ਨਹੀਂ ਹੋਵੇਗਾ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਬਜੁਰਗਾਂ ਵੱਲੋਂ ਖੇਤੀ ਦੇ ਪਾਏ ਪੂਰਨਿਆਂ ▾ਤੇ ਚਲਣ ਦੇ ਨਾਲ ਨਾਲ ਖੇਤੀ ਦੀਆਂ ਉਨ੍ਹਾਂ ਵਿਗਿਆਨਿਕ ਤਕਨੀਕਾਂ ਨੂੰ ਵੀ ਜੂਰ ਅਪਣਾਉਣ ਜਿਨ੍ਹਾਂ ਨਾਲ ਆਉਣ ਵਾਲੇ ਸਮੇਂ ਵਿੱਚ ਕਿਸਾਨ ਵੀ ਖੁਸਹਾਲ ਰਹਿ ਸਕਣ ਅਤੇ ਕੁਦਰਤੀ ਸੋਮੇ ਵੀ ਬਚੇ ਰਹਿਣ। ਖਾਸ ਤੌਰ ▾ਤੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਬਚਾਉਣ ਲਈ ਝੋਨੇ ਦੀ ਸਿਧੀ ਬਿਜਾਈ ਵਰਗੀਆਂ ਤਕਨੀਕਾਂ ਅਪਣਾਉਣ ਦੀ ਲੋੜ ਹੈ। ਇਸ ਮੌਕੇ ਸੰਬੋਧਨ ਕਰਦਿਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰ ਡਾ ਸੁਮੇਸ ਚੋਪੜਾ, ਡਾ ਸਰਬਜੀਤ ਸਿੰਘ ਔਲਖ, ਡਾ ਹਰਪਾਲ ਸਿੰਘ ਰੰਧਾਵਾ, ਡਾ ਸਤਵਿੰਦਰਜੀਤ ਕੌਰ, ਡਾ ਰਾਜਵਿੰਦਰ ਸਿੰਘ ਬੱਲ ਨੇ ਫਸਲਾਂ ਦੀਆਂ ਬਿਮਾਰੀਆਂ, ਕਾਸਤ ਦੇ ਢੰਗ, ਕੀੜੀਆਂ ਦੀ ਰੋਕਥਾਮ ਸਮੇਤ ਅਹਿਮ ਜਾਣਕਾਰੀਆਂ ਦਿੱਤੀਆਂ, ਜਦੋਂ ਕਿ ਇੰਜੀਨੀਅਰ ਰਵਿੰਦਰ ਸਿੰਘ ਛੀਨਾ ਨੇ ਕਿਸਾਨਾਂ ਨੂੰ ਖੇਤੀ ਮਸੀਨਰੀ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ। ਅਗਾਂਹਵਧੂ ਕਿਸਾਨ ਗੁਰਬਿੰਦਰ ਸਿੰਘ ਬਾਜਵਾ ਨੇ ਝੋਨੇ ਬਿਜਾਈ ਨਾਲ ਸਬੰਧਿਤ ਤਜ਼ਰਬੇ ਸਾਂਝੇ ਕੀਤੇ ਜਦੋਂ ਕਿ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਕਸਮੀਰ ਸਿੰਘ ਵਾਹਲਾ ਨੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦੇਣ ਲਈ ਕਿਸਾਨ ਮੇਲਾ ਆਯੋਜਿਤ ਕਰਨ ਦੀ ਸਲਾਘਾ ਕੀਤੀ। ਖੇਤੀਬਾੜੀ ਅਫਸਰ ਡਾ ਰਣਧੀਰ ਸਿੰਘ ਠਾਕੁਰ ਨੇ ਆਏ ਮੁੱਖ ਮਹਿਮਾਨਾਂ ਅਤੇ ਕਿਸਾਨ ਵੀਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿਸਾਨਾਂ ਦੀ ਖੁਸਹਾਲੀ ਲਈ ਵਿਭਾਗ ਦੀ ਸਮੁੱਚੀ ਟੀਮ 24 ਘੰਟੇ ਹਾਜਰ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਹਾਲਤ ਵਿੱਚ ਰਹਿਣ ਖੂੰਹਦ ਨੂੰ ਅੱਗ ਨਾ ਲਗਾਉਣ ਅਤੇ ਇਸ ਸਾਲ ਜਿਆਦਾ ਤੋਂ ਜਿਆਦਾ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਕਰਨ। ਖੇਤੀਬਾੜੀ ਅਧਿਕਾਰੀ ਡਾ ਸਾਹਬਾਜ ਸਿੰਘ ਚੀਮਾ ਨੇ ਸਮੂਹ ਕਿਸਾਨਾਂ ਨੂੰ ਖੇਤੀਬਾੜੀ ਵਿਭਾਗ ਦੀਆਂ ਵੱਖ ਵੱਖ ਯੋਜਨਾਂ ਤੋਂ ਜਾਣੂ ਕਰਵਾਇਆ ਅਤੇ ਅਪੀਲ ਕੀਤੀ ਕਿ ਕਿਸਾਨ ਵਿਭਾਗ ਦੀਆਂ ਯੋਜਨਾਵਾਂ ਦਾ ਫਾਇਦਾ ਲੈਣ। ਇਸ ਕਿਸਾਨ ਮੇਲੇ ਵਿੱਚ ਜ਼ਿਲਾ ਸਿਖਲਾਈ ਅਫਸਰ ਹਰਮਿੰਦਰਪਾਲ ਸਿੰਘ ਗਿੱਲ, ਖੇਤੀਬਾੜੀ ਅਧਿਕਾਰੀ ਸੰਜੀਵ ਸਰਮਾ, ਹੀਰਾ ਸਿੰਘ, ਹਰਪਿੰਦਰ ਸਿੰਘ, ਮਨਧੀਰ ਸਿੰਘ, ਅਮਰਜੀਤ ਸਿੰਘ, ਕੰਵਲਪ੍ਰੀਤ ਸਿੰਘ, ਬਲਜਿੰਦਰ ਸਿੰਘ ਭੁੱਲਰ, ਬਲਜਿੰਦਰ ਸਿੰਘ ਸੈਣੀ, ਗੁਰਦੇਵ ਸਿੰਘ, ਦਿਲਬਾਗ ਸਿੰਘ ਭੱਟੀ, ਪੀਡੀ ਸੰਦੀਪ ਸਿੰਘ,ਪ੍ਰਭਜੋਤ ਸਿੰਘ, ਪਰਮਵੀਰ ਸਿੰਘ ਕਾਹਲੋਂ, ਮੋਹਨ ਸਿੰਘ ਵਾਹਲਾ, ਗਗਨਦੀਪ ਸਿੰਘ, ਦਿਲਰਾਜ ਸਿੰਘ, ਯਾਦਵਿੰਦਰ ਸਿੰਘ, ਪਰਮਜੀਤ ਸਿੰਘ, ਮਨਜੀਤ ਸਿੰਘ ਆਦਿ ਸਮੇਤ ਵੱਖ ਵੱਖ ਖੇਤੀ ਅਧਿਕਾਰੀ ਮੌਜੂਦ ਸਨ। ਇਸ ਮੌਕੇ ਖੇਤੀਬਾੜੀ ਨਾਲ ਸਬੰਧਿਤ ਵੱਖ-ਵੱਖ ਵਿਭਾਗਾਂ ਅਤੇ ਸੈਲਫ ਹੈਲਫ ਗਰੁੱਪਾਂ ਵੱਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ।

# ਬੈਂਕਿੰਗ ਖੇਤਰ ਵਿੱਚ ਸੰਭਾਵਨਾਵਾਂ ਨੂੰ ਦਰਸਾਉਂਦੀ ਗੁਰਸਿਮਰਨ ਸਿੰਘ ਓਬਰਾਏ ਦੀ ਲਿਖਤ- 'ਰਾਈਟ ਪਰਸਨ ਇਨ ਰਾਇਟ ਪਲੇਸ 'ਹੋਈ ਲਾਂਚ

**ਮੋਹਾਲੀ/ਲੋਕ ਬਾਣੀ**

ਭਵਿੱਖ ਦੇ ਬੈਂਕਰਸ ਨੂੰ ਬੈਂਕਿੰਗ ਖੇਤਰ ਵਿੱਚ ਦਰਪੇਸ਼ ਚੁਣੌਤੀਆਂ ਦਾ ਹੱਲ ਪ੍ਰਦਾਨ ਕਰਕੇ ਇਸ ਖੇਤਰ ਲਈ ਪ੍ਰੇਰਿਤ ਕਰਨ ਲਈ ਪ੍ਰਸਿੱਧ ਸਿੱਖਿਆ ਸ਼ਾਸਤਰੀ ਗੁਰਸਿਮਰਨ ਸਿੰਘ ਓਬਰਾਏ ਨੇ ਬੁੱਧਵਾਰ ਨੂੰ ਬੈਂਕਿੰਗ ਜਗਤ @ਤੇ ਆਪਣੀ ਪਹਿਲੀ ਕਿਤਾਬ @ਰਾਈਟ ਪਰਸਨ ਇਨ ਰਾਈਟ ਪਲੇਸ@ ਲਾਂਚ ਕੀਤੀ। ਇਹ ਕਿਤਾਬ ਕੈਪੀਟਲ ਸਮਾਲ ਫਾਈਨਾਂਸ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਸਰਵਜੀਤ ਸਿੰਘ ਸਮਰਾ ਅਤੇ ਪ੍ਰਸਿੱਧ ਪ੍ਰੇਰਕ ਬੁਲਾਰੇ ਵਿਵੇਕ ਅਤਰੇ ਦੁਆਰਾ ਲਾਂਚ ਕੀਤੀ ਗਈ। ਗੁਰਸਿਮਰਨ, ਜਿਸ ਨੇ ਕਈ ਵਿੱਤੀ ਸੰਸਥਾਵਾਂ ਅਤੇ ਬੈਂਕਾਂ ਨਾਲ ਕੰਮ ਕੀਤਾ ਹੈ ਅਤੇ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਨਿੱਜੀ ਖੇਤਰ ਦੇ ਬੈਂਕਾਂ ਵਿੱਚ ਲਗਭਗ 3500 ਗ੍ਰੈਜੂਏਟ ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕਰਨ ਵਿੱਚ ਵੀ ਮਦਦ ਕੀਤੀ ਹੈ, ਨੇ ਕਿਹਾ ਕਿ ਦੇਸ਼ ਦੀ ਮਜ਼ਬੂਤ ਆਰਥਿਕ ਸਥਿਤੀ ਕਰਕੇ ਭਾਰਤ ਨਿਵੇਸ਼ਕਾਂ ਦੀ ਪਸੰਦੀਦਾ ਬਣ ਰਹੀ ਹੈ। ਭਾਰਤ ਬੈਂਕਾਂ ਦਾ ਗੜ੍ਹ ਬਣਦਾ ਜਾ ਰਿਹਾ ਹੈ, ਫਿਰ ਭਾਵੇਂ ਇਹ ਰਾਸ਼ਟਰੀਕ੍ਰਿਤ ਬੈਂਕ ਹੋਵੇ ਜਾਂ ਪ੍ਰਾਈਵੇਟ ਸੈਕਟਰ ਜਾਂ ਵਿਦੇਸ਼ੀ ਬੈਂਕ। ਇੰਟਰਨੈਸ਼ਨਲ ਮੌਨੇਟਰੀ ਫੰਡ (ਆਈਐਮਐਫ) ਦੁਆਰਾ ਜਾਰੀ ਕੀਤੀ ਗਈ ਆਖਰੀ ਰਿਪੋਰਟ ਦੇ ਅਨੁਸਾਰ, ਦੇਸ਼ ਵਿੱਚ ਲਗਭਗ 1.25 ਲੱਖ ਬੈਂਕ ਸ਼ਾਖਾਵਾਂ ਹਨ, ਜਿਨ੍ਹਾਂ ਨੇ ਬੈਂਕਿੰਗ ਖੇਤਰ ਵਿੱਚ ਕਰੀਅਰ ਦੇ ਬੇਅੰਤ ਮੌਕੇ ਪੈਦਾ ਕੀਤੇ ਹਨ। ਪਰ ਉਨ੍ਹਾਂ ਨੇ ਅਫਸੋਸ ਪ੍ਰਗਟਾਇਆ ਕਿ ਨੌਜਵਾਨਾਂ ਨੂੰ ਬੈਂਕਿੰਗ ਖੇਤਰ ਵਿੱਚ ਕਰੀਅਰ ਬਣਾਉਣ ਲਈ ਅਜੇ ਵੀ ਬਹੁਤ ਮਾਰਗਦਰਸ਼ਨ ਦੀ ਲੋੜ ਹੈ। ਜਾਰੀ ਕੀਤੀ ਗਈ ਕਿਤਾਬ ਇਸ ਦਿਸ਼ਾ ਵਿੱਚ ਉਸ ਦਾ ਯਤਨ ਹੈ ਜੋ ਉਸ ਨੂੰ ਯਕੀਨ ਹੈ ਕਿ ਭਵਿੱਖ ਦੇ ਬੈਂਕਰਾਂ ਲਈ ਸਾਰਥਕ ਸਿੱਧ ਹੋਵੇਗੀ।




ਲਾਂਚ ਕੀਤੀ ਗਈ ਕਿਤਾਬ ਵਿੱਚ ਗੁਰਸਿਮਰਨ ਨੇ ਬੈਂਕਿੰਗ ਖੇਤਰ ਵਿੱਚ ਆਪਣੇ ਤਜ਼ਰਬੇ ਸਾਂਝੇ ਕੀਤੇ ਅਤੇ ਦੱਸਿਆ ਕਿ ਕਿਉਂ ਬੈਂਕਿੰਗ ਖੇਤਰ ਨੌਜਵਾਨਾਂ ਵਿੱਚ ਪਿਆਰਾ ਸਾਬਤ ਹੋ ਰਿਹਾ ਹੈ। ਲੇਖਕ ਨੇ ਪੁਸਤਕ ਵਿੱਚ ਵਰਣਿਤ ਤਜ਼ਰਬਿਆਂ ਰਾਹੀਂ ਬੈਂਕਿੰਗ ਖੇਤਰ ਵਿੱਚ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਤਰੀਕੇ ਵੀ ਸੁਝਾਏ ਹਨ। ਇਸ ਕਿਤਾਬ ਦੇ ਇੱਕ ਅਧਿਆਏ @ਰਿਕਰੂਟਿੰਗ ਰਾਈਟ@ ਵਿੱਚ ਉਸਨੇ ਬੈਂਕਿੰਗ ਫੋਰਸ ਵਿੱਚ ਆਪਣੇ ਆਪ ਨੂੰ ਕਿਵੇਂ ਤਿਆਰ ਕਰਨਾ ਹੈ ਬਾਰੇ ਬਹੁਤ ਵਧੀਆ ਸੁਝਾਅ ਦਿੱਤੇ ਹਨ।

# ਭੱਟੀਆਂ ਸੈਂਟਰ ਬਲਾਕ ਭੁਨਰਹੇੜੀ 2 ਦੀ ਦਾਖਲਾ ਮੁਹਿੰਮ ਨੂੰ ਮਿਲ ਰਿਹਾ ਹੈ ਭਰਵਾਂ ਹੁੰਗਾਰਾ



**ਪਟਿਆਲਾ/ਭੁਨਰਹੇੜੀ/ਇਕਬਾਲ ਸਿੰਘ**

ਅੱਜ ਸੀ ਐਚ ਟੀ ਸ੍ਰੀ ਮਤੀ ਨਿਸ਼ਾ ਗਰੋਵਰ ਦੀ ਅਗਵਾਈ ਹੇਠ ਸੈਂਟਰ ਭੱਟੀਆਂ ਬਲਾਕ ਭੁਨਰਹੇੜੀ 2 ਦੇ ਸਕੂਲਾਂ ਵਿੱਚ ਦਾਖਲਾ ਮੁਹਿੰਮ ਤਹਿਤ ਸੈਂਟਰ ਦੇ ਜਾਗਰੂਕ ਰੈਲੀਆਂ ਕੱਢੀਆਂ ਗਈਆਂ। ਸਰਕਾਰੀ ਐਲੀਮੈਂਟਰੀ ਸਕੂਲ ਸਕੂਲ ਦੇ ਹੈੱਡ ਟੀਚਰ ਅਮਨਿੰਦਰ ਕੌਰ, ਅਧਿਆਪਕ ਕੁਲਦੀਪ ਕੌਰ ਅਤੇ ਅਧਿਆਪਕ ਨਰਿੰਦਰ ਸਿੰਘ ਵਲੋਂ ਸਫੇੜਾ ਅਤੇ ਨੈਣਾਂ ਖੁਰਦ ਦੇ ਪਿੰਡ ਵਾਸੀਆਂ ਨੂੰ ਸੈਸ਼ਨ 2021-22 ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਦੇ ਮਾਪਿਆਂ ਅਤੇ ਪਿੰਡ ਵਾਸੀਆਂ ਵਲੋਂ ਸਮੂਹ ਮਿਹਨਤੀ ਸਟਾਫ ਦੀ ਸ਼ਲਾਘਾ ਕਰਦੇ ਹੋਏ ਆਪਣੇ ਪਿੰਡਾਂ ਦੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਦਾ ਭਰੋਸਾ ਦਿੱਤਾ। ਸਰਕਾਰੀ ਐਲੀਮੈਂਟਰੀ ਸਕੂਲ ਬਾਜ਼ੀਗਰ ਬਸਤੀ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਬਿਲਾਸਪੁਰ ਵਿਖੇ ਵੀ ਦਾਖ਼ਲਾ ਮੁਹਿੰਮ ਤਹਿਤ ਰੈਲੀਆਂ ਕੱਢੀਆਂ ਗਈਆਂ ਅਧਿਆਪਕਾਂ ਵਲੋਂ ਪਿੰਡ ਵਾਸੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਮਿਲਣ ਵਾਲੀਆਂ ਸਹੂਲਤਾਂ ਜਿਵੇਂ ਮੁਫ਼ਤ ਸਿੱਖਿਆ, ਪੌਸ਼ਟਿਕ ਭੋਜਨ, ਖੇਡਾਂ ਦੀ ਸਹੂਲਤ, ਪ੍ਰੀ ਪ੍ਰਾਇਮਰੀ ਜਮਾਤਾਂ ਨੂੰ ਖੇਡ ਵਿੱਦਿਆ ਰਾਹੀ ਸਿੱਖਿਆ,ਈ ਕੰਟੈਂਟ ਰਾਹੀ ਸਿੱਖਿਆ ਬਾਰੇ ਜਾਣਕਾਰੀ ਦਿੱਤੀ ਗਈ। ਸੈਂਟਰ ਦੇ ਸਮੂਹ ਸਕੂਲਾਂ ਦੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਪਿੰਡ ਵਾਸੀਆਂ ਵੱਲੋਂ ਦਾਖ਼ਲਾ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਹਨਾਂ ਰੈਲੀਆਂ ਵਿੱਚ ਜਸਪ੍ਰੀਤ ਸਿੰਘ,ਰਾਜਵੰਤ ਕੌਰ, ਗੁਰਜੰਟ ਸਿੰਘ, ਦਵਿੰਦਰਪਾਲ ਸਿੰਘ ਅਧਿਆਪਕਾਂ ਸਕੂਲਾਂ ਦੇ ਵਿਦਿਆਰਥੀਆਂ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਵਲੋਂ ਭਾਗ ਲਿਆ ਗਿਆ।

# ਸੰਸਦ ਪਟਿਆਲਾ ਦੇ ਪਟਿਆਲਾ ਜ਼ਿਲ੍ਹੇ ਵਿਚ ਲੋਕਾਂ ਨੂੰ ਦਫ਼ਤਰਾਂ ਵਿੱਚ ਮਿਲਕੇ ਸੁਣੀ ਉਨ੍ਹਾਂ ਦੀਆਂ ਸਮੱਸਿਆਵਾਂ



**ਪਟਿਆਲਾ/ਇਕਬਾਲ ਸਿੰਘ:** ਸੰਸਦ ਪਟਿਆਲਾ ਮਹਾਰਾਣੀ ਪ੍ਰਨੀਤ ਕੌਰ ਦੁਆਰਾ ਪਟਿਆਲਾ ਜ਼ਿਲ੍ਹੇ ਦੇ ਲੋਕਾਂ ਦੇ ਨਾਲ ਮੁਲਾਕਾਤ ਕੀਤੀ। ਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਸੁਣ ਤੇ ਉਹਨਾਂ ਦਾ ਹੱਲ ਕੀਤਾ ਜਾ ਰਿਹਾ ਹੈ। ਉਸੇ ਤਹਿਤ ਉਨ੍ਹਾਂ ਨੇ ਆਪਣੇ ਦਫ਼ਤਰ ਵਿਖੇ ਪਟਿਆਲਾ ਜ਼ਿਲ੍ਹੇ ਦੇ ਲੋਕਾਂ ਨਾਲ ਮੁਲਕਾਤ ਕੀਤੀ ਤੇ ਉਨ੍ਹਾਂ ਦੀ ਸਮੱਸਿਆਵਾਂ ਸੁਣੀਆਂ ਤੇ ਉਸੇ ਸਮੇਂ ਸੁਲਝਾਉਣ ਦੀ ਕੋਸ਼ਿਸ਼ ਕੀਤੀ।

# ਤਹਿਸੀਲ ਭੁਲੱਥ ਵਿਖੇ ਪਟਵਾਰੀਆਂ ਦੀ 25 ਅਸਾਮੀਆਂ ਖਾਲੀ 5 ਪਟਵਾਰੀ ਕਰ ਰਹੇ 30 ਪਟਵਾਰੀਆਂ ਦਾ ਕੰਮ

**ਭੁਲੱਥ/ਧਵਨ:-** ਤਹਿਸੀਲ ਭੁਲੱਥ ਵਿੱਚ ਪਟਵਾਰੀਆਂ ਦੇ ਕੁੱਲ 30 ਸਰਕਲ ਹਨ ਅਤੇ 30 ਪਰਵਾਰੀ ਸੇਵਾ ਵਿੱਚ ਚਾਹੀਦੇ ਹਨ ਇਸਦੇ ਬਾਵਜੂਦ ਮੌਜੂਦਾ ਸਮੇਂ ਵਿੱਚ 5 ਪਟਵਾਰੀ ਸੇਵਾ ਨਿਭਾ ਰਹੇ ਹਨ। ਤਹਿਸੀਲ ਭੁਲੱਥ 'ਚ 25 ਪਟਵਾਰ ਸਰਕਲ ਅਸਾਮੀਆਂ ਖਾਲੀ ਹਨ ਅਤੇ ਇਨ੍ਹਾਂ ਖਾਲੀ ਸਰਕਲਾਂ ਦਾ ਕੰਮ ਵੀ ਤਾਇਨਾਤ ਪੰਜ ਪਟਵਾਰੀ ਹੀ ਕੰਮ ਰਹੇ ਹਨ। ਤਹਿਸੀਲ ਭੁਲੱਥ ਦੇ ਮਾਲ ਰਿਕਾਰਡ ਅਨੁਸਾਰ 106 ਪਿੰਡ ਹਨ ਅਤੇ ਮਹਿਜ 5 ਪਰਵਾਰੀਆਂ ਵੱਲੋਂ 106 ਪਿੰਡਾਂ ਦਾ ਕੰਮ ਕਰਨਾ ਇਕ ਬੋਝ ਦੇ ਬਰਾਬਰ ਹੈ। ਅਜਿਹੇ ਹਲਾਤਾਂ ਕਰਕੇ ਲੋਕਾਂ ਦੇ ਕੰਮਾਂ ਵਿੱਚ ਦੇਰੀ ਵੀ ਹੁੰਦੀ ਤੇ ਲੋਕਾਂ ਨੂੰ ਪ੍ਰਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵੱਧ ਕੰਮ ਦੇ ਬੋਝ ਕਾਰਨ ਪਟਵਾਰੀ ਮਾਨਸਿਕ ਤੌਰ ਤੇ ਪ੍ਰੇਸ਼ਾਨ ਵੀ ਹੋ ਜਾਂਦੇ ਹਨ। ਬੀਤੇ ਸਾਲ ਕਾਂਗਰਸ ਸਰਕਾਰ ਸਮੇਂ ਪਟਵਾਰ ਯੂਨੀਅਨ ਵੱਲੋਂ ਵਾਧੂ ਸਰਕਲਾਂ ਦਾ ਕੰਮ ਛੱਡ ਦਿੱਤਾ ਸੀ, ਆਮ ਲੋਕਾਂ ਦੇ ਮਾਲ ਵਿਭਾਗ ਨਾਲ ਸਬੰਧਤ ਕੰਮ ਵੀ ਰੁੱਕ ਗਏ ਸਨ। ਸਰਕਾਰ ਵੱਲੋਂ ਤਾਂ ਵੀ ਖਾਲੀ ਅਸਾਮੀਆਂ ਦੀ ਪੂਰਤੀ ਕਰਨ ਲਈ ਭਰਤੀ ਨਹੀ ਕੀਤੀ ਗਈ ਸੀ। ਹੁਣ ਪਟਵਾਰੀਆਂ ਦਾ ਕਹਿਣਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਪਟਵਾਰੀਆਂ ਦੀ ਨਵੀ ਭਰਤੀ ਕੀਤੀ ਜਾਵੇ ਤਾਂ ਖਾਲੀ ਸਰਕਲਾਂ ਤੇ ਤਾਇਨਾਤੀ ਹੋ ਸਕੇ ਅਤੇ ਲੋਕਾਂ ਦੇ ਕੰਮ ਤੇਜੀ ਨਾਲ ਹੋ ਸਕਣ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਜਰਨਲਿਸਟ ਪ੍ਰੈਸ ਕਲੱਬ ਪੰਜਾਬ ਦੀ ਵਿਸ਼ੇਸ਼ ਮੀਟਿੰਗ ਕਪੂਰਥਲਾ ਵਿੱਚ ਹੋਈ



**ਕਪੂਰਥਲਾ/ਪਰਮਜੀਤ ਸੰਨੀ**

ਜਰਨਲਿਸਟ ਪ੍ਰੈਸ ਕਲੱਬ ਰਜਿ.ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਯੂਨਿਟ ਫਗਵਾੜਾ, ਸੁਲਤਾਨਪੁਰ ਲੋਧੀ, ਭੁਲੱਥ, ਅਤੇ ਢਿੱਲਵਾਂ ਦੀ ਵਿਸ਼ੇਸ਼ ਮੀਟਿੰਗ ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਦੀ ਪ੍ਰਧਾਨਗੀ ਹੇਠ ਪ੍ਰੈਸ ਕਲੱਬ ਕਪੂਰਥਲਾ ਦੇ ਦਫ਼ਤਰ ਵਿਖੇ ਕੀਤੀ ਗਈ। ਮੀਟਿੰਗ ਵਿਸ਼ੇਸ਼ ਤੌਰ ਤੇ ਸੂਬਾ ਪ੍ਰਧਾਨ ਮਨਜੀਤ ਸਿੰਘ ਮਾਨ ਤੇ ਉਹਨਾਂ ਦੇ ਨਾਲ ਸੂਬਾ ਸਰਪ੍ਰਸਤ ਜੇ.ਐੱਸ.ਸੰਧੂ, ਸੂਬਾ ਚੇਅਰਮੈਨ ਰਾਕੇਸ਼ ਖੰਨਾ, ਸੂਬਾ ਕੋਆਰਡੀਨੇਟਰ ਪ੍ਰਿਤਪਾਲ ਸਿੰਘ ਸ਼ਾਮਲ ਹੋਏ। ਇਸ ਮੌਕੇ ਪੱਤਰਕਾਰਾਂ ਦੇ ਭਰਵੇਂ ਇਕੱਠ ਵਿੱਚ ਡੀ ਪੀ ਆਰ ਓ ਸ਼ੁਬੇਗ ਸਿੰਘ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ ਜਿਨ੍ਹਾਂ ਦਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਪ੍ਰੀਤ ਸੰਗੋਜਲਾ, ਜੋਗਿੰਦਰ ਸਿੰਘ ਜਾਤੀਕੇ ਜ਼ਿਲ੍ਹਾ ਚੈਅਰਮੈਨ,ਸੁਖਵਿੰਦਰ ਸਿੰਘ ਸੋਹੀ ਜ਼ਿਲ੍ਹਾ ਜਨਰਲ ਸਕੱਤਰ ਸਮੇਤ ਸਮੂਹ ਮੈਂਬਰਾਂ ਨੇ ਜੀ ਆਇਆ ਆਖਿਆ ਤੇ ਉਹਨਾਂ ਨੂੰ ਸੂਬਾ ਪ੍ਰਧਾਨ ਮਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ।ਇਸ ਮੌਕੇ ਡੀ ਪੀ ਆਰ ਓ ਸ਼ੁਬੇਗ ਸਿੰਘ ਕਪੂਰਥਲਾ ਨੇ ਸੂਬਾ ਪ੍ਰਧਾਨ ਮਨਜੀਤ ਸਿੰਘ ਮਾਨ, ਜ਼ਿਲ੍ਹਾ ਪ੍ਰਧਾਨ ਕਪੂਰਥਲਾ ਪ੍ਰੀਤ ਸੰਗੋਜਲਾ ਸਮੇਤ ਸਮੂਹ ਅਹੁਦੇਦਾਰਾਂ ਨੂੰ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਪੱਤਰਕਾਰਾਂ ਨੂੰ ਜੋ ਵੀ ਸਮੱਸਿਆਵਾਂ ਹੋਣਗੀਆਂ ਉਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਪ੍ਰੀਤ ਸੰਗੋਜਲਾ, ਫਗਵਾੜਾ ਯੂਨਿਟ ਤੋਂ ਡਾ. ਰਮਨ ਸ਼ਰਮਾ, ਉਪ ਚੇਅਰਮੈਨ ਪਰਮਜੀਤ ਸੰਨੀ, ਜਨਰਲ ਸਕੱਤਰ ਕੁਲਦੀਪ ਸਿੰਘ ਨੂਰ, ਪ੍ਰਧਾਨ ਯੂਨਿਟ ਸੁਲਤਾਨਪੁਰ ਲੋਧੀ ਲਖਵੀਰ ਸਿੰਘ ਲੱਖੀ, ਰਣਯੋਧ ਯੋਧੂ ,ਉਪ ਪ੍ਰਧਾਨ ਰਾਜਿੰਦਰ ਸ਼ਰਮਾ, ਆਦਿ ਨੇ ਜਿੱਥੇ ਸੰਬੋਧਨ ਕੀਤਾ। ਉੱਥੇ ਹੀ ਸੂਬਾ ਪ੍ਰਧਾਨ ਸ੍ਰ. ਮਨਜੀਤ ਸਿੰਘ ਮਾਨ ਨੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜਥੇਬੰਦੀ ਨੂੰ ਵਧਾਉਣ ਲਈ ਜਿਨ੍ਹਾਂ ਚਿਰ ਅਸੀਂ ਇੱਕ ਜਗ੍ਹਾ ਇਕੱਠੇ ਨਹੀਂ ਹੁੰਦੇ ਓਨਾ ਚਿਰ ਅਸੀਂ ਆਪਣੇ ਬਣਦੇ ਹੱਕ ਕਦੇ ਵੀ ਨਹੀਂ ਲੈ ਸਕਦੇ। ਉਹਨਾਂ ਅੱਗੇ ਕਿਹਾ ਕਿ ਅਸੀਂ ਜਿੱਥੇ ਪਿੱਛਲੇ ਸਮੇਂ ਵਿੱਚ ਸਰਕਾਰ ਅਤੇ ਪ੍ਰਸ਼ਾਸਨ ਤੋਂ ਆਪਣੇ ਹੱਕ ਲੈਣ ਲਈ ਸੰਘਰਸ਼ ਲੜੇ ਹਨ ਉੱਥੇ ਹੀ ਹੁਣ ਅਸੀਂ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੂੰ ਜਲਦ ਮਿਲਕੇ ਪੱਤਰਕਾਰਾਂ ਦੀਆਂ ਕੂਝ ਵਿਸ਼ੇਸ਼ ਮੰਗਾਂ ਜਿਨ੍ਹਾਂ ਵਿੱਚ ਪੱਤਰਕਾਰਾਂ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ, ਪੱਤਰਕਾਰਾਂ ਨੂੰ ਰੇਲ ਅਤੇ ਬੱਸ ਦਾ ਫ੍ਰੀ ਸਫ਼ਰ ਕਰਨ ਦੀ ਸਹੂਲਤ, ਮਾਨਤਾ ਪ੍ਰਾਪਤ ਪੱਤਰਕਾਰਾਂ ਨੂੰ ਪੰਜ ਮਰਲੇ ਦਾ ਮਕਾਨ ਬਣਾਕੇ ਦੇਣਾ, ਸੂਬੇ ਵਿੱਚ ਸਾਰੇ ਪੱਤਰਕਾਰਾਂ ਨੂੰ ਟੋਲ ਪਲਾਜਿਆਂ ਦੇ ਟੈਕਸ ਤੋਂ ਛੋਟ ਦਿਵਾਉਣਾ, ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਪ੍ਰੀਤ ਸੰਗੋਜਲਾ ਨੇ ਕਿਹਾ ਕਿ ਸਰਕਾਰਾਂ ਵਿੱਚ ਪੰਜ ਕਲਾਸਾਂ ਪੜ੍ਹੇ ਨੇਤਾਗਣ ਸਰਕਾਰੀ ਕੋਟੇ ਵਿੱਚੋਂ ਜਿਵੇਂ ਵੀਵੀਆਈਪੀ ਸਹੂਲਤਾਂ ਪ੍ਰਾਪਤ ਕਰ ਰਹੇ ਹਨ ਉਸੇ ਤਰਜ਼ ਤੇ ਮਾਨਤਾ ਪ੍ਰਾਪਤ ਪੱਤਰਕਾਰਾਂ ਨੂੰ ਵੀ.ਵੀ.ਆਈ.ਪੀ. ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਇਸ ਮੌਕੇ ਸੂਬਾ ਪ੍ਰਧਾਨ ਦੀ ਅਗਵਾਈ ਹੇਠ ਅਮਰਜੀਤ ਸਿੰਘ ਚੁੰਬਰ, ਦਲੇਰ ਸਿੰਘ ਚੀਮਾ, ਸੁਰਜੀਤ ਸਿੰਘ ਗੋਰਾਂ, ਨੂੰ ਜਿੱਥੇ ਹਾਰ ਨਾ ਕੇ ਕਲੱਬ ਵਿੱਚ ਸ਼ਾਮਲ ਕੀਤਾ ਉੱਥੇ ਹੀ ਵਿਧਾਨ ਸਭਾ ਹਲਕਾ ਫਗਵਾੜਾ ਤੋਂ ਪ੍ਰੈਸ ਕਲੱਬ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਨੂਰ ਵੱਲੋਂ ਐੱਮਐੱਲਏ ਦੀ ਚੋਣ ਲੜਣ ਤੇ ਉਹਨਾਂ ਨੂੰ ਫੁੱਲਾਂ ਦੇ ਹਾਰ ਪਾ ਕੇ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਸਟੇਜ ਦਾ ਸੰਚਾਲਨ ਜ਼ਿਲ੍ਹਾ ਜਨਰਲ ਸਕੱਤਰ ਸੁਖਵਿੰਦਰ ਸਿੰਘ ਸੋਹੀ ਨੇ ਬਾਖੂਬੀ ਨਿਭਾਇਆ। ਇਸ ਮੌਕੇ ਹੋਰਨਾਂ ਤੋਂ ਯੂਨਿਟ ਫਗਵਾੜਾ ਤੋਂ ਸੀਨੀਅਰ ਮੀਤ ਪ੍ਰਧਾਨ ਮਨਜੀਤ ਰਾਮ, ਸਾਹਿਲ ਗੁਪਤਾ, ਅਮਰੀਕ ਸਿੰਘ, ਤਰਲੋਚਨ ਸਿੰਘ ਚਾਹਲ, ਹਰਪ੍ਰੀਤ ਸਿੰਘ, ਗੁਰਦੇਵ ਸਿੰਘ ਭੱਟੀ, ਚਰਨਜੀਤ ਸਿੰਘ ਢਿੱਲੋਂ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਪੱਤਰਕਾਰ ਭਾਈਚਾਰਾ ਸ਼ਾਮਲ ਸੀ।

# ਪਟਿਆਲਾ ਦੇ ਪੱਤਰਕਾਰਾਂ ਨੇ ਲਗਾਇਆ ਜਲੇਬੀਆਂ ਦਾ ਲੰਗਰ



**ਪਟਿਆਲਾ/ਇਕਬਾਲ ਸਿੰਘ**

ਬੀਤੇ ਦਿਨ 12 ਅਪ੍ਰੈਲ ਨੂੰ ਪਟਿਆਲਾ ਵਿਚ ਸਮਾਜ ਸੇਵਾ 'ਚ ਮੋਹਰੀ ਅਤੇ ਪ੍ਰਸਿੱਧ ਪੱਤਰਕਾਰਾਂ ਦੀ ਸੰਸਥਾ ਇਲੈਕਟ੍ਰੋਨਿਕ ਮੀਡੀਆ ਵੈਲਫੇਅਰ ਕਲੱਬ ਪਟਿਆਲਾ ਦੀ ਟੀਮ ਵੱਲੋਂ ਸਥਾਨਕ ਸ਼ੇਰਾਂ ਵਾਲਾ ਗੇਟ ਦੇ ਨੇੜੇ ਸਥਿਤ ਕਲੱਬ ਦੇ ਦਫਤਰ ਦੇ ਬਾਹਰ ਭਗਵਾਨ ਸ੍ਰੀ ਹਨੂੰਮਾਨ ਜੀ ਦੇ ਜਨਮ ਉਤਸਵ ਮੌਕੇ ਜਲੇਬੀਆਂ ਦਾ ਲੰਗਰ ਲਗਾਇਆ ਗਿਆ। ਬਹੁਤ ਹੀ ਸ਼ਰਧਾ ਨਾਲ ਲਗਾਏ ਇਸ ਵਿਸ਼ੇਸ਼ ਲੰਗਰ ਦੌਰਾਨ ਕਲੱਬ ਦੇ ਸਮੂਹ ਪੱਤਰਕਾਰ ਮੈਂਬਰਾਂ ਨੇ ਲੋਕਾਂ ਨੂੰ ਆਪਣੇ ਹੱਥੀਂ ਲੰਗਰ ਵਰਤਾਇਆ। ਇਸ ਮੌਕੇ ਕਲੱਬ ਦੇ ਪ੍ਰਧਾਨ ਅਨੁਰਾਗ ਸ਼ਰਮਾ, ਜਰਨਲ ਸਕੱਤਰ ਚਰਨਜੀਤ ਸਿੰਘ ਕੋਹਲੀ, ਕੈਸ਼ਿਅਰ ਬਲਜੀਤ ਸਿੰਘ ਕੋਹਲੀ, ਪੀ.ਆਰ.ਓ ਕਿਰਨ ਵਸ਼ਿਸ਼ਟ, ਕੁਲਦੀਪ ਸਿੰਘ, ਪਵਨ ਸਿੰਗਲਾ, ਬਿੰਦਰ ਬਾਤਿਸ਼, ਦਰਸ਼ਨ ਸਿੰਘ, ਭਗਵਾਨ ਦਾਸ ਗੁਪਤਾ ਅਤੇ ਕੱਲਬ ਦੇ ਸਮੂਹ ਮੈਂਬਰ ਹਾਜ਼ਰ ਰਹੇ। ਇਸੇ ਦੌਰਾਨ ਸਮਾਜ ਸੇਵਕ ਕਰਨ ਗੌੜ ਨੇ ਵੀ ਸ਼ਿਰਕਤ ਕੀਤੀ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਦੇਵੀ ਮਾਤਾ ਦੇ ਨਵਰਾਤਰਿਆਂ ਦੌਰਾਨ ਵੀ ਇਲੈਕਟ੍ਰੋਨਿਕ ਮੀਡੀਆ ਕਲੱਬ ਪਟਿਆਲਾ ਦੇ ਪੱਤਰਕਾਰਾਂ ਵੱਲੋਂ ਮਾਤਾ ਸ੍ਰੀ ਕਾਲੀ ਦੇਵੀ ਮੰਦਿਰ ਵਿਖੇ ਆਉਣ ਵਾਲੇ ਸ਼ਰਧਾਲੂਆਂ ਲਈ ਠੰਡੇ ਪਾਣੀ ਦੀ ਸੇਵਾ ਨਿਭਾਈ ਗਈ ਸੀ।

# ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਪਾਰਟੀ ਆਗੂਆਂ ਵਲੋਂ ਚਿੰਤਨ ਮੰਥਨ

**ਮੁੱਲਾਂਪੁਰ/ਅਰਜੁਨ ਸਹਿਜਪਾਲ**

ਸ਼੍ਰੋਮਣੀ ਅਕਾਲੀ ਦਲ ਹਲਕਾ ਜਗਰਾਉਂ ਦੀ ਸਮੁੱਚੀ ਲੀਡਰਸ਼ਿਪ ਦੀ ਮੀਟਿੰਗ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਪਾਰਟੀ ਦੀ ਮਜ਼ਬੂਤੀ ਲਈ ਠੋਸ ਰਣਨੀਤੀ ਤਿਆਰ ਕਰਨ ਦਾ ਸੱਦਾ ਦਿੱਤਾ ਗਿਆ।ਪਾਰਟੀ ਦੀਆਂ ਹਦਾਇਤਾਂ ਅਨੁਸਾਰ ਮੀਟਿੰਗ ਦੀ ਅਗਵਾਈ ਕਰ ਰਹੇ ਇਕਬਾਲ ਸਿੰਘ ਝੂੰਦਾਂ ਨੇ ਚੋਣਾਂ ਦੌਰਾਨ ਪਾਰਟੀ ਦੀ ਹੋਈ ਹਾਰ ਨੂੰ ਲੈ ਕੇ ਚਿੰਤਨ ਮੰਥਨ ਕਰਨ ਦੀ ਲੋੜ @ਤੇ ਜ਼ੋਰ ਦਿੱਤਾ। ਚੋਣਾਂ ਵਿੱਚ ਹੋਈ ਹਾਰ @ਤੇ ਮੰਥਨ ਕਰਦੇ ਹੋਏ ਚੋਣ ਰਣਨੀਤੀ ਨੂੰ ਮਜ਼ਬੂਤ ਕਰਨ ਤੇ ਤਰੁਟੀਆਂ ਨੂੰ ਦੂਰ ਕਰਕੇ ਪਾਰਟੀ ਦੀ ਚੜ੍ਹਦੀ ਕਲਾ ਲਈ ਲੋਕ ਸੇਵਾ ਵਿੱਚ ਦ੍ਰਿੜ ਇਰਾਦਿਆਂ ਨਾਲ ਕੰਮ ਕਰਨ ਦਾ ਸੱਦਾ ਦਿੱਤਾ।ਇਸ ਮੌਕੇ ਐਸ ਆਰ ਕਲੇਰ , ਮਨਪ੍ਰੀਤ ਸਿੰਘ ਇਯਾਲੀ ਨੇ ਆਖਿਆ ਕਿ ਹਲਕੇ ਦੇ ਲੋਕਾਂ ਵਲੋਂ ਦਿੱਤੇ ਪਿਆਰ ਤੇ ਸਹਿਯੋਗ ਨੂੰ ਅਸੀਂ ਕਦੇ ਵੀ ਭੁਲਾ ਨਹੀਂ ਸਕਦੇ, ਸਾਨੂੰ ਆਪਣੇ ਵਰਕਰਾਂ ਤੇ ਬੇਹੱਦ ਮਾਣ ਹੈ, ਜਿਹਨਾਂ ਨੇ ਇੰਨ੍ਹੀ ਮਿਹਨਤ ਕੀਤੀ ਹੈ। ਆਗੂਆਂ ਅਨੁਸਾਰ ਸ੍ਰੋਮਣੀ ਅਕਾਲੀ ਦਲ-ਬਸਪਾ ਇੱਕ ਪਰਿਵਾਰ ਹੈ ਤੇ ਅਸੀਂ ਆਪ ਜੀ ਦੇ ਨਾਲ ਹਰ ਸਮੇਂ ਹਾਜ਼ਰ ਹਾਂ!! ਇਸ ਮੌਕੇ ਪਹੁੰਚੇ ਤੀਰਥ ਸਿੰਘ ਮਾਹਲਾ, ਇਕਵਾਲ ਸਿੰਘ ਝੂੰਦਾ , ਗੁਰਪ੍ਰੀਤ ਸਿੰਘ ਰਾਜੂ ਖੰਨਾ, ਵਿਧਾਇਕ ਮਨਪ੍ਰੀਤ ਸਿੰਘ ਇਯਾਲੀ, ਜਿਲਾ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ, ਯੂਥ ਜਿਲਾ ਪ੍ਰਧਾਨ ਪ੍ਰਭਜੋਤ ਸਿੰਘ ਧਾਲੀਵਾਲ ਨੇ ਆਪਣੇ ਵਿਚਾਰ ਰੱਖੇ ਤੇ ਪਾਰਟੀ ਦੀ ਮਜ਼ਬੂਤੀ ਲਈ ਤਨਦੇਹੀ ਨਾਲ ਕੰਮ ਕਰਨ ਦਾ ਸੰਕਲਪ ਦ੍ਰਿੜ ਕੀਤਾ। ਇਸ ਮੌਕੇ ਹਾਜਰ ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਸਾਬਕਾ ਚੇਅਰਮੈਨ ਚੰਦ ਸਿੰਘ ਡੱਲਾ, ਯੂਥ ਅਕਾਲੀ ਦਲ ਹਲਕਾ ਪ੍ਰਧਾਨ ਜੱਟ ਗਰੇਵਾਲ, ਐਸ ਓ ਆਈ ਹਲਕਾ ਪ੍ਰਧਾਨ ਸੰਦੀਪ ਸਿੰਘ ਮੱਲਾ, ਕੌਂਸਲਰ ਸਤੀਸ਼ ਕੁਮਾਰ ਦੋਧਰੀਆ, ਕੌਂਸਲਰ ਦਵਿੰਦਰਜੀਤ ਸਿੰਘ ਸਿੱਧੂ, ਕੌਂਸਲਰ ਕਰਮਜੀਤ ਸਿੰਘ ਕੈਥ , ਮਨਿੰਦਰਪਾਲ ਸਿੰਘ ਗਿੱਲ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਸੁਖਦੇਵ ਸਿੰਘ ਗਿੱਦੜਵਿੰਡੀ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਮਨਦੀਪ ਸਿੰਘ ਬਿੱਟੂ, ਹਰੀ ਸਿੰਘ ਕਾਉਂਕੇ, ਆਈ ਟੀ ਵਿੰਗ ਹਲਕਾ ਇੰਚਾਰਜ ਸੁਖਦੇਵ ਸਿੰਘ ਜੱਗਾ ਕਾਉਂਕੇ, ਯੂਥ ਪ੍ਰਧਾਨ ਵਰਿੰਦਰਪਾਲ




ਸਿੰਘ ਗਿੱਲ, ਯੂਥ ਪ੍ਰਧਾਨ ਜਗਦੀਸ਼ ਸਿੰਘ ਮਾਣੂੰਕੇ, ਯੂਥ ਪ੍ਰਧਾਨ ਦਲਜੀਤ ਸਿੰਘ ਪੋਨਾ, ਡਾਇਰੈਕਟਰ ਜਸਵੀਰ ਸਿੰਘ ਦੇਹੜਕਾ, ਐਸ ਉ ਆਈ ਸਹਿਰੀ ਪ੍ਰਧਾਨ ਹੈਰੀ ਜਗਰਾਉਂ ,ਜਨਪ੍ਰੀਤ ਸਿੰਘ ਜਗਰਾਉਂ , ਸਾਬਕਾ ਸਰਪੰਚ ਰੇਸ਼ਮ ਸਿੰਘ ਮਾਣੂੰਕੇ, ਬਾਦਲ ਸਿੰਘ ਹਠੂਰ, ਰਛਪਾਲ ਸਿੰਘ ਚੱਕਰ, ਸੁਰਿੰਦਰ ਸਿੰਘ ਪਰਜੀਆ ਬਿਹਾਰੀਪੁਰ, ਸੁਰਵੇਸ਼ ਕੁਮਾਰ ਗੁਡਗੋ ਮਾਣੂੰਕੇ, ਪ੍ਰਧਾਨ ਰਛਪਾਲ ਸਿੰਘ ਮਾਣੂੰਕੇ , ਜਸਪ੍ਰੀਤ ਸਿੰਘ ਮਾਣੂੰਕੇ, ਭੁਪਿੰਦਰ ਸਿੰਘ ਗਾਲਿਬ ਕਲਾ, ਜਗਜੀਤ ਸਿੰਘ ਡੱਲਾ, ਜਸਵੰਤ ਸਿੰਘ ਕੋਠੇ ਖਜੂਰ , ਜਗਤਾਰ ਸਿੰਘ ਕੋਠੇ, ਮਨਦੀਪ ਸਿੰਘ ਸਿੱਧਵਾ ਕਲਾ, ਡਾਕਟਰ ਬਲਦੇਵ ਸਿੰਘ ਅਖਾੜਾ, ਪ੍ਰਧਾਨ ਪ੍ਰਦੀਪ ਸਿੰਘ ਅਖਾੜਾ, ਜਸਪ੍ਰੀਤ ਸਿੰਘ ਚੀਮਾ, ਸਿੱਧੂ ਚਕਰ, ਰੋਬਨ ਮਲਕ, ਜਿੰਦਰ ਸਿੰਘ ਪ੍ਰਧਾਨ ਕੋਠੇ ਅੱਠ ਚੱਕ, ਬਾਗ ਸਿੰਘ ਕੋਠੇ ਅੱਠ ਚੱਕ, ਬਿੱਟੂ ਡੱਲਾ, ਸ਼ੇਰ ਸਿੰਘ ਡੱਲਾ, ਭਾਵਖੰਡਨ ਸਿੰਘ ਗਿੱਦੜਵਿੰਡੀ, ਸੁਰਜੀਤ ਸਿੰਘ ਚੀਮਾ, ਨਿੰਮਾ ਅਖਾੜਾ, ਪੰਚ ਮਨੋਹਰ ਸਿੰਘ॥

# ਵਿਧਾਇਕ ਰਾਜਪੁਰਾ ਮੈਡਮ ਨੀਨਾ ਮਿੱਤਲ ਦੇ ਗ੍ਰਹਿ ਸਥਾਨ ਉੱਤੇ ਪੁੱਜੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਚੀਮਾਂ



**ਪਟਿਆਲਾ/ਰਾਜਪੁਰਾ/ਇਕਬਾਲ ਸਿੰਘ**

ਵਿਧਾਨ ਸਭਾ ਹਲਕਾ ਰਾਜਪੁਰਾ ਦੇ ਨਵਨਿਯੁਕਤ ਆਮ ਆਦਮੀ ਪਾਰਟੀ ਦੀ ਵਿਧਾਇਕ ਮੈਡਮ ਨੀਨਾ ਮਿੱਤਲ ਦੇ ਘਰ ਸੂਬਾ ਪੰਜਾਬ ਦੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਚੀਮਾਂ ਵਿਸ਼ੇਸ਼ ਤੋਰ ਉੱਤੇ ਵਿਧਾਇਕ ਰਾਜਪੁਰਾ ਮੈਡਮ ਨੀਨਾ ਮਿੱਤਲ ਦੇ ਨਾਲ ਮੁਲਾਕਾਤ ਕਰਨ ਲਈ ਰਾਜਪੁਰਾ ਪੁੱਜੇ। ਇਸ ਮੌਕੇ ਵਿਧਾਇਕ ਰਾਜਪੁਰਾ ਨੀਨਾ ਮਿੱਤਲ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਸੂਬਾ ਮੰਤਰੀ ਬ੍ਰਹਮ ਸ਼ੰਕਰ ਚੀਮਾਂ ਦਾ ਰਾਜਪੁਰਾ ਪੁੱਜਣ ਤੇ ਵਿਸ਼ੇਸ਼ ਸੁਆਗਤ ਕੀਤਾ ਗਿਆ।



**ਲੁਧਿਆਣਾ/ਸੁਖਚੈਨ ਮਹਿਰਾ:-** ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਚੇਅਰਮੈਨ ਪੰਜਾਬ ਪ੍ਰਦੇਸ਼ ਯੂਥ ਕਾਂਗਰਸ ਐਂਡ ਵੈੱਲਫੇਅਰ ਸੈੱਲ ਚੌਧਰੀ ਮਨੀ ਖੀਵਾ ਅਤੇ ਸਨੀ ਖੀਵਾ ਵਾਰਡ ਨੰ 68 ਪ੍ਰਧਾਨ ਯੂਥ ਕਾਂਗਰਸ ਵਲੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਕਾਰਜਕਾਰੀ ਪ੍ਰਧਾਨ ਬਣਨ ਤੇ ਸਾਬਕਾ ਕੈਬਨਿਟ ਮੰਤਰੀ ਸ਼੍ਰੀ ਭਾਰਤ ਭੂਸ਼ਣ ਆਸ਼ੂ ਜੀ ਦੇ ਗ੍ਰਹਿ ਨਿਵਾਸ ਤੇ ਪਹੁੰਚ ਕੇ ਸਨਮਾਨਿਤ ਕਰਕੇ ਵਧਾਈ ਦਿੱਤੀ।

# ਕਣਕ ਦੇ ਨਾੜ ਨੂੰ ਅੱਗ ਨਾ ਲਾਉਣ ਬਾਰੇ ਲੋਕਾਂ ਨੂੰ ਜਾਗਰੂਕ ਕਰ ਰਿਹਾ ਪਿੰਡ ਕਾਦਰਾਂਬਦ ਦਾ ਕਿਸਾਨ ਮਾਸਟਰ ਕਰਮਜੀਤ ਸਿੰਘ





**ਅੰਮ੍ਰਿਤਸਰ/ਰਾਜਾ ਕੋਟਲੀ**

ਹਲਕਾ ਮਜੀਠਾ ਦੇ ਪਿੰਡ ਕਾਦਰਾਂਬਾਦ ਦਾ ਅਗਾਂਹਵਧੂ ਕਿਸਾਨ ਅਤੇ ਵਾਤਾਵਰਨ ਪ੍ਰੇਮੀ ਮਾਸਟਰ ਕਰਮਜੀਤ ਸਿੰਘ ਕਾਦਰਾਂਬਾਦ ਪਿਛਲੇ ਲੰਮੇ ਸਮੇਂ ਤੋਂ ਇਲਾਕੇ ਦੇ ਲੋਕਾਂ ਨੂੰ ਕਣਕ ਦਾ ਨਾੜ ਨਾ ਸਾੜਣ ਬਾਰੇ ਜਾਗਰੂਕ ਕਰ ਰਿਹਾ ਹੈ ਕਿ ਕਿਵੇਂ ਕਣਕ ਦਾ ਨਾੜ ਸਾੜਨ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਖ਼ਤਮ ਹੁੰਦੀ ਹੈ ਅਤੇ ਫ਼ਸਲਾਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਣ ਵਾਲੇ ਮਿੱਤਰ ਕੀੜੇ ਵੀ ਨਸ਼ਟ ਹੁੰਦੇ ਹਨ। ਲੋਕ ਬਾਣੀ ਦੀ ਟੀਮ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਬਚਪਨ ਤੋਂ ਹੀ ਕਾਦਰ ਦੀ ਕੁਦਰਤ ਨਾਲ ਮੁਹੱਬਤ ਹੋਣ ਕਰਕੇ ਆਪਣੇ ਖੇਤਾਂ ਵਿੱਚ ਅੱਜ ਤੱਕ ਨਾ ਕਦੇ ਕਣਕ ਦੇ ਨਾੜ ਨੂੰ ਅੱਗ ਲਾਈ ਹੈ ਅਤੇ ਨਾ ਹੀ ਝੋਨੇ ਦੀ ਪਰਾਲੀ ਨੂੰ ਸਾੜਿਆ ਹੈ। ਉਨ੍ਹਾਂ ਦੱਸਿਆ ਕਿ ਝੋਨਾ ਲਾਉਣ ਤੋਂ ਪਹਿਲਾਂ ਢਿੱਜਣ ਬੀਜ ਕੇ ਹਰੀ ਖਾਦ ਪ੍ਰਾਪਤ ਕਰ ਲਈਦੀ ਹੈ ਅਤੇ ਇਸੇ ਤਰ੍ਹਾਂ ਪਰਾਲੀ ਗਾਲ ਕਣਕ ਬੀਜ ਲਈਦੀ ਹੈ। ਉਨ੍ਹਾਂ ਦੱਸਿਆ ਕਿ ਪੈਸਟਸਾਈਡ ਤੇ ਖਾਦ ਦੀ ਵਰਤੋਂ ਵੀ ਬਹੁਤ ਘੱਟ ਤੇ ਲੋੜ ਅਨੁਸਾਰ ਹੀ ਕਰੀ ਦੀ ਹੈ। ਜ਼ਿਕਰਯੋਗ ਹੈ ਮਾਸਟਰ ਕਰਮਜੀਤ ਸਿੰਘ ਨੇ ਆਪਣੀ ਘਰੇਲੂ ਬਗੀਚੀ ਵਿੱਚ ਆਰਗੈਨਿਕ ਢੰਗ ਨਾਲ ਵੱਖ-ਵੱਖ ਸਬਜ਼ੀਆਂ ਤੇ ਤਰ੍ਹਾਂ ਤਰ੍ਹਾਂ ਦੇ ਫਲਾਂ ਦੇ ਬੂਟੇ ਵੀ ਲਗਾਏ ਹੋਏ ਹਨ।

ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਵੱਲੋਂ ਮਾਸਟਰ ਕਰਮਜੀਤ ਸਿੰਘ ਨੂੰ ਵਾਤਾਵਰਨ ਦੀ ਸ਼ੁੱਧਤਾ ਤੇ ਆਲਮੀ ਤਪਸ਼ ਦੀ ਰੋਕਥਾਮ ਲਈ ਕੀਤੇ ਜਾ ਰਹੇ ਸਵੈ ਯਤਨਾਂ ਦੀ ਸ਼ਲਾਘਾ ਕਰਦਿਆਂ 2018 ਵਿੱਚ ਪ੍ਰਸੰਸਾ ਪੱਤਰ ? ਦੇ ਦੇ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਅੱਜ ਗੁਰਬਾਣੀ ਦੇ ਆਸ਼ੇ ਅਨੁਸਾਰ ਮਨੁੱਖਤਾ ਦੇ ਭਲੇ ਲਈ ਹਵਾ, ਪਾਣੀ ਅਤੇ ਧਰਤੀ ਦੀ ਸੰਭਾਲ ਕਰਨਾ ਸਮੇਂ ਮੁੱਖ ਲੋੜ ਹੈ।

- **ਪਿਛਲੇ ਲਗਭਗ ਤੀਹ ਸਾਲਾਂ ਤੋਂ ਕਦੇ ਨਾੜ ਨੂੰ ਅੱਗ ਨਹੀਂ ਲਾਈ।**
- **ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਵੱਲੋਂ ਮਿਲ ਚੁੱਕਾਂ ਹੈ ਪ੍ਰਸੰਸਾ ਪੱਤਰ ?**

# ਪਟਿਆਲਾ ਜ਼ਿਲ੍ਹੇ ਦੀਆਂ ਮੰਡੀ 'ਚ ਕਣਕ ਦੀ ਆਮਦ ਦੋ ਲੱਖ ਮੀਟਰਿਕ ਟਨ ਤੋਂ ਹੋਈ ਪਾਰ



**ਪਟਿਆਲਾ/ਇਕਬਾਲ ਸਿੰਘ**

ਨਿਊਜ਼ਲਾਈਨ ਐਕਸਪ੍ਰੈਸ - ਮੌਜੂਦਾ ਹਾੜੀ ਦੇ ਸੀਜ਼ਨ ਦੌਰਾਨ ਪਟਿਆਲਾ ਜ਼ਿਲ੍ਹੇ ਵਿੱਚ ਸਥਾਪਤ 109 ਮੰਡੀਆਂ ਵਿੱਚੋਂ 103 ਮੰਡੀਆਂ ਵਿੱਚ ਕਣਕ ਦੀ ਆਮਦ ਸ਼ੁਰੂ ਹੋਈ ਹੈ। ਜਿਨ੍ਹਾਂ ਵਿੱਚ ਕੱਲ ਸ਼ਾਮ ਤੱਕ 202085 ਮੀਟਰਿਕ ਟਨ ਕਣਕ ਪੁੱਜੀ ਹੈ ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਪੁੱਜੀ ਕਣਕ ਵਿਚੋਂ 193243 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਖਰੀਦ ਕੀਤੀ ਇਸ ਕਣਕ ਵਿੱਚੋਂ ਹੁਣ ਤੱਕ ਪਨਗਰੇਨ ਵੱਲੋਂ 46376 ਮੀਟਰਿਕ, ਮਾਰਕਫੈਡ ਵੱਲੋਂ 45689 ਮੀਟਰਿਕ ਟਨ, ਪਨਸਪ ਵੱਲੋਂ 55105 ਮੀਟਰਿਕ ਟਨ, ਵੇਅਰ ਹਾਊਸ ਵੱਲੋਂ 30652 ਮੀਟਰਿਕ ਟਨ, ਐਫ.ਸੀ.ਆਈ ਵੱਲੋਂ 5983 ਮੀਟਰਿਕ ਟਨ ਅਤੇ ਵਪਾਰੀਆਂ ਵੱਲੋਂ 9438 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਖਰੀਦੀ ਕਣਕ ਦੀ ਕਿਸਾਨਾਂ ਨੂੰ ਹੁਣ ਤੱਕ 141.22 ਕਰੋੜ ਰੁਪਏ ਦੀ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਹਾੜੀ ਦੇ ਸੀਜ਼ਨ ਦੌਰਾਨ ਪਟਿਆਲਾ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 8 ਲੱਖ 87 ਹਜ਼ਾਰ 743 ਮੀਟਰਿਕ ਟਨ ਕਣਕ ਆਉਣ ਦੀ ਉਮੀਦ ਹੈ। ਉਨ੍ਹਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਕਿਸਾਨ ਆਪਣੀ ਫ਼ਸਲ ਦਾ ਸਹੀ ਮੁੱਲ ਲੈਣ ਲਈ ਸੁੱਕੀ ਕਣਕ ਹੀ ਮੰਡੀਆਂ ਵਿੱਚ ਲੈ ਕੇ ਆਉਣ।